PAIGAM-E-JAGAT

ਪੈ.ਗਾਮ-ਏ-ਜਗਤ

ਗਿਆਨ ਸਭ ਤੋਂ ਵੱਡੀ ਦੌਲਤ ਹੈ।
-ਆਚਾਰੀਆ ਚਾਣਕਿਆ

Title code : CHAMUL00914 | E-mail : Info@paigamejagat.com | ਬੁੱਧਵਾਰ, 18 ਨਵੰਬਰ 2026, ਸਾਲ-4, ਅੰਕ-14, ਚੰਡੀਗੜ੍ਹ, ਮੁੱਖ ਸੰਪਾਦਕ : ਦਵਿੰਦਰ ਕੁਮਾਰ, ਸੰਪਰਕ-9878862733, 9872340701




'ਕਵਾਡ' ਹਿੰਦ-ਪ੍ਰਸ਼ਾਂਤ ਖੇਤਰ ਦੀਆਂ ਚੁਣੌਤੀਆਂ ਨਾਲ ਸਮੂਹਿਕ ਤੌਰ 'ਤੇ ਨਜਿੱਠਾਂਗੇ : ਪੀਐਮ ਮੋਦੀ

- ਪ੍ਰਧਾਨ ਮੰਤਰੀ ਨੇ ਆਸੀਆਨ ਦੇਸ਼ਾਂ ਦੇ ਸੈਲਾਨੀਆਂ ਲਈ ਮੁਫ਼ਤ ਈ-ਵੀਜ਼ਾ ਸਮੇਤ ਰੱਖੇ ਕਈ ਅਹਿਮ ਪ੍ਰਸਤਾਵ

ਮਨੀਲਾ, 17 ਨਵੰਬਰ (ਪੈ.ਗਾਮ-ਏ-ਜਗਤ)

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਅਤੇ ਆਸੀਆਨ ਵਿਚਕਾਰ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕਈ ਪਹਿਲਕਦਮੀਆਂ ਦਾ ਪ੍ਰਸਤਾਵ ਰੱਖਿਆ ਹੈ, ਜਿਸ ਵਿੱਚ ਆਸੀਆਨ ਦੇਸ਼ਾਂ ਦੇ ਸੈਲਾਨੀਆਂ ਲਈ ਮੁਫ਼ਤ ਈ-ਵੀਜ਼ਾ, ਸਮੁੰਦਰੀ ਸਹਿਯੋਗ ਲਈ ਇੱਕ ਲੰਬੇ ਸਮੇਂ ਦੀ ਯੋਜਨਾ, ਪ੍ਰਮਾਣੂ ਊਰਜਾ ਦੇ ਖੇਤਰ ਵਿੱਚ ਤਕਨੀਕੀ ਆਦਾਨ-ਪ੍ਰਦਾਨ ਅਤੇ ਮਹੱਤਵਪੂਰਨ ਖਣਿਜਾਂ ਦੇ ਖੇਤਰ ਵਿੱਚ ਸਹਿਯੋਗ ਸ਼ਾਮਲ ਹੈ। ਵਿਦੇਸ਼ ਮੰਤਰਾਲੇ ਨੇ ਮੰਗਲਵਾਰ ਨੂੰ ਮਨੀਲਾ ਵਿੱਚ 23ਵੇਂ ਆਸੀਆਨ-ਭਾਰਤ ਸੰਮੇਲਨ ਤੋਂ ਬਾਅਦ ਜਾਰੀ ਇੱਕ ਬਿਆਨ ਵਿੱਚ ਇਨ੍ਹਾਂ ਪ੍ਰਸਤਾਵਾਂ ਦਾ ਐਲਾਨ ਕੀਤਾ। ਮੁੱਖ ਪ੍ਰਸਤਾਵਾਂ ਵਿੱਚ ਇੱਕ ਲੰਬੇ ਸਮੇਂ ਦੀ ਆਸੀਆਨ-ਭਾਰਤ ਸਮੁੰਦਰੀ ਸਹਿਯੋਗ ਯੋਜਨਾ ਸ਼ਾਮਲ ਹੈ। ਇਸ ਯੋਜਨਾ ਵਿੱਚ ਸੰਪਰਕ ਵਧਾਉਣਾ, ਵਿਗਿਆਨਕ ਖੋਜ, ਆਫ਼ਤ ਪ੍ਰਬੰਧਨ, ਤੱਟ ਰੱਖਿਅਕਾਂ ਵਿਚਕਾਰ ਸਹਿਯੋਗ, ਸਮੁੰਦਰੀ ਨਿਗਰਾਨੀ ਅਤੇ ਸਮੁੰਦਰੀ ਯਾਤਰੀ ਸੁਰੱਖਿਆ ਵਰਗੇ ਖੇਤਰ ਸ਼ਾਮਲ ਹਨ।

ਮੋਦੀ ਨੇ ਸਾਈਬਰ ਅਪਰਾਧਾਂ ਦੀ ਜਾਂਚ ਵਿੱਚ ਡਿਜੀਟਲ ਸਬੂਤਾਂ ਦੇ ਵਿਸ਼ਲੇਸ਼ਣ ਅਤੇ ਖੇਤਰ ਵਿੱਚ ਸਮਰੱਥਾਵਾਂ ਵਿਕਸਤ ਕਰਨ ਲਈ ਆਸੀਆਨ ਅਤੇ ਭਾਰਤ ਵਿਚਕਾਰ ਪ੍ਰਮਾਣੂ ਊਰਜਾ ਦੇ ਖੇਤਰ ਵਿੱਚ ਤਕਨੀਕੀ ਆਦਾਨ-ਪ੍ਰਦਾਨ ਨਾਲ ਸਬੰਧਤ ਇੱਕ ਸੰਯੁਕਤ ਸਿਖਲਾਈ ਪ੍ਰੋਗਰਾਮ ਦਾ ਵੀ ਪ੍ਰਸਤਾਵ ਰੱਖਿਆ। ਹੋਰ ਪ੍ਰਸਤਾਵਾਂ ਵਿੱਚ ਆਸੀਆਨ-ਭਾਰਤ ਸਪੇਸ ਹੈਕਾਥਨ ਅਤੇ ਮਾਈਨਿੰਗ ਅਤੇ ਮਹੱਤਵਪੂਰਨ ਖਣਿਜਾਂ ਦੇ ਖੇਤਰ (ਬਾਕੀ ਸਫ਼ਾ 2 'ਤੇ)



ਮਨੀਲਾ 'ਚ ਪੀ.ਐਮ. ਮੋਦੀ ਨੂੰ ਮਿਲੇ ਰਾਸ਼ਟਰਪਤੀ ਟਰੰਪ

ਮੋਦੀ ਬਹੁਤ ਸਖ਼ਤ ਇਨਸਾਨ : ਟਰੰਪ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਫਿਲੀਪੀਨਜ਼ ਦੀ ਰਾਜਧਾਨੀ ਮਨੀਲਾ 'ਚ ਕਰਵਾਏ ਗਏ 49ਵੇਂ ਆਸੀਆਨ ਸਿਖਰ ਸੰਮੇਲਨ ਤੋਂ ਇਲਾਵਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਹੋਰ ਕਵਾਡ ਦੇਸ਼ਾਂ ਦੇ ਆਗੂਆਂ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਟਰੰਪ ਨੇ ਕਿਹਾ ਕਿ ਨਰਿੰਦਰ ਮੋਦੀ ਸਖ਼ਤ ਪ੍ਰਧਾਨ ਮੰਤਰੀ ਹਨ। ਉਨ੍ਹਾਂ ਨੇ ਪੀਐੱਮ ਮੋਦੀ ਦੀ ਤਾਰੀਫ਼ ਵੀ ਕੀਤੀ। ਕਵਾਡ ਸਿਖਰ ਸੰਮੇਲਨ ਦੌਰਾਨ ਸਾਰੇ ਚੋਟੀ ਦੇ ਆਗੂਆਂ ਨੇ ਇਕੱਠਿਆਂ ਮੰਚ ਸਾਂਝਾ ਕੀਤਾ ਅਤੇ ਅਧਿਕਾਰਤ ਫੋਟੋ ਸੈਸ਼ਨ 'ਚ ਹਿੱਸਾ ਲਿਆ। ਇਸ ਮੁਲਾਕਾਤ ਦੌਰਾਨ ਹਿੰਦ-ਪ੍ਰਸ਼ਾਂਤ ਖੇਤਰ 'ਚ ਸ਼ਾਂਤੀ, ਆਰਥਿਕ ਸੁਰੱਖਿਆ ਅਤੇ ਆਪਸੀ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਇਸ ਤੋਂ ਪਹਿਲਾਂ ਪੀਐੱਮ ਮੋਦੀ ਨੇ 23ਵੇਂ ਆਸੀਆਨ-ਭਾਰਤ ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਹਿੰਦ-ਪ੍ਰਸ਼ਾਂਤ ਦਾ ਭਵਿੱਖ ਮੁਕਾਬਲੇਬਾਜ਼ੀ 'ਚ ਨਹੀਂ, ਸਗੋਂ ਆਪਸੀ ਸਹਿਯੋਗ 'ਚ ਹੈ।

ਸਿੰਗਾਪੁਰ ਦੇ ਪੀਐੱਮ ਨਾਲ ਦੁਵੱਲੀ ਗੱਲਬਾਤ

ਆਸੀਆਨ ਸੰਮੇਲਨ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੰਗਾਪੁਰ ਦੇ ਪ੍ਰਧਾਨ ਮੰਤਰੀ ਲਾਰੈਂਸ ਵੋਂਗ ਨਾਲ ਦੁਵੱਲੀ ਮੀਟਿੰਗ ਕੀਤੀ। ਦੋਵਾਂ ਆਗੂਆਂ ਨੇ ਵਿਆਪਕ ਰਣਨੀਤਕ ਭਾਈਵਾਲੀ ਦੇ ਰੋਡਮੈਪ ਤਹਿਤ ਹੋਈ ਤਰੱਕੀ ਦੀ ਸਮੀਖਿਆ ਕੀਤੀ। ਮੀਟਿੰਗ 'ਚ ਵਪਾਰ ਅਤੇ ਆਰਥਿਕ ਸਹਿਯੋਗ, ਡਿਜੀਟਲੀਕਰਨ, ਸੱਖਿਆ ਤੇ ਸੁਰੱਖਿਆ, ਸਿਹਤ ਸੇਵਾਵਾਂ, ਸੰਪਰਕ ਸਹੂਲਤਾਂ, ਹੁਨਰ ਵਿਕਾਸ, ਸਥਿਰਤਾ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਸਮੇਤ ਅੱਠ ਪ੍ਰਮੁੱਖ ਖੇਤਰਾਂ 'ਚ ਭਾਈਵਾਲੀ ਨੂੰ ਹੋਰ ਅੱਗੇ ਵਧਾਉਣ ਬਾਰੇ ਚਰਚਾ ਹੋਈ। ਪੀਐੱਮ ਮੋਦੀ ਨੇ ਆਸੀਆਨ ਦੀ ਆਉਣ ਵਾਲੀ ਪ੍ਰਧਾਨਗੀ ਲਈ ਸਿੰਗਾਪੁਰ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਭਾਰਤ ਵੱਲੋਂ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ।

ਥਾਈਲੈਂਡ ਦੇ ਪੀ.ਐਮ. ਨਾਲ ਵੀ ਕੀਤੀ ਮੁਲਾਕਾਤ

ਪੀਐੱਮ ਮੋਦੀ ਨੇ ਆਸੀਆਨ ਨਾਲ ਜੁੜੀਆਂ ਮੀਟਿੰਗਾਂ ਦੌਰਾਨ ਥਾਈਲੈਂਡ ਦੇ ਪ੍ਰਧਾਨ ਮੰਤਰੀ ਅਨੁਤਿਨ ਚਾਰਨਵੀਰਾਕੁਲ ਨਾਲ ਮੁਲਾਕਾਤ ਕੀਤੀ। ਮੋਦੀ ਨੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣ 'ਤੇ ਵਧਾਈ ਦਿੱਤੀ। ਪੀਐੱਮ ਮੋਦੀ ਨੇ ਕਿਹਾ ਕਿ ਭਾਰਤ ਅਤੇ ਥਾਈਲੈਂਡ ਗੁਆਂਢੀ ਦੇਸ਼ ਹਨ। ਦੋਵਾਂ ਦੇਸ਼ਾਂ ਵਿਚਾਲੇ ਸਦੀਆਂ ਪੁਰਾਣੇ ਇਤਿਹਾਸਕ, ਸੱਭਿਆਚਾਰਕ ਅਤੇ ਅਧਿਆਤਮਿਕ ਸਬੰਧ ਹਨ। ਦੋਵਾਂ ਆਗੂਆਂ ਨੇ ਭਾਰਤ-ਥਾਈਲੈਂਡ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਬਾਰੇ ਚਰਚਾ ਕੀਤੀ। ਇਸ 'ਚ ਵਪਾਰ, ਸੱਖਿਆ ਅਤੇ ਸੁਰੱਖਿਆ, ਸੰਪਰਕ ਸਹੂਲਤਾਂ ਅਤੇ ਸੱਭਿਆਚਾਰ ਵਰਗੇ ਖੇਤਰ ਸ਼ਾਮਲ ਸਹੇ।

ਉਤਰਾਖੰਡ: ਲਗਾਤਾਰ ਵਾਪਰੇ ਤਿੰਨ ਹਾਦਸਿਆਂ ਨੇ ਕਈ ਪਰਿਵਾਰਾਂ ਨੂੰ ਤਬਾਹ ਕਰ ਦਿੱਤਾ

14 ਲੋਕਾਂ ਦੀ ਮੌਤ, 36 ਜ਼ਖਮੀ

ਗੁਲਰ ਬਾਜ਼ਾਰ ਨੇੜੇ ਡੂੰਘੀ ਖੱਡ 'ਚ ਡਿੱਗੀ ਬੱਸ; 9 ਹਲਾਕ, 25 ਜ਼ਖ਼ਮੀ

ਟਿਹਰੀ ਗੜ੍ਹਵਾਲ (ਉੱਤਰਾਖੰਡ), 17 ਨਵੰਬਰ (ਪੈ.ਗਾਮ-ਏ-ਜਗਤ)

ਮੰਗਲਵਾਰ ਤੜਕੇ ਉੱਤਰਾਖੰਡ ਦੇ ਟਿਹਰੀ ਗੜ੍ਹਵਾਲ ਜ਼ਿਲ੍ਹੇ ਵਿੱਚ ਇੱਕ ਯਾਤਰੀ ਬੱਸ ਸੜਕ ਕਿਨਾਰੇ ਲੱਗੀ ਰੇਲਿੰਗ ਤੋੜ ਕੇ 100 ਮੀਟਰ ਡੂੰਘੀ ਖੱਡ ਵਿੱਚ ਜਾ ਡਿੱਗੀ, ਜਿਸ ਕਾਰਨ ਨੌਂ ਵਿਅਕਤੀਆਂ ਦੀ ਮੌਤ ਹੋ ਗਈ ਅਤੇ 25 ਹੋਰ ਜ਼ਖ਼ਮੀ ਹੋ ਗਏ।

ਹਰਿਦੁਆਰ ਤੋਂ ਜੋਸ਼ੀਮਠ ਜਾ ਰਹੀ ਇਹ ਬੱਸ ਰਿਸ਼ੀਕੇਸ਼ ਤੋਂ ਕਰੀਬ 20 ਕਿਲੋਮੀਟਰ ਦੂਰ ਸਵੇਰੇ ਲਗਪਗ 5.15 ਵਜੇ ਹਾਦਸੇ ਦਾ ਸ਼ਿਕਾਰ ਹੋ ਗਈ। ਇਹ ਬੱਸ ਸਵੇਰੇ 3.15 ਵਜੇ ਹਰਿਦੁਆਰ ਤੋਂ ਰਵਾਨਾ ਹੋਈ ਸੀ ਅਤੇ ਅੱਗੇ ਵਧਣ ਤੋਂ ਪਹਿਲਾਂ ਰਿਸ਼ੀਕੇਸ਼ ਵਿਖੇ ਥੋੜ੍ਹੀ ਦੇਰ ਲਈ ਰੁਕੀ ਸੀ। ਅਧਿਕਾਰੀਆਂ ਅਨੁਸਾਰ ਬੱਸ ਗੁਲਰ ਨੇੜੇ ਕਥਿਤ ਤੌਰ 'ਤੇ ਬੇਕਾਬੂ ਹੋ ਗਈ, ਸੜਕ ਕਿਨਾਰੇ ਲੱਗੀ ਰੇਲਿੰਗ ਤੋੜ (ਬਾਕੀ ਸਫ਼ਾ 2 'ਤੇ)



ਪ੍ਰਧਾਨ ਮੰਤਰੀ ਮੋਦੀ ਨੇ ਦੁੱਖ ਪ੍ਰਗਟਾਇਆ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੱਸ ਦੇ ਭਿਆਨਕ ਹਾਦਸੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਹਾਦਸੇ ਵਿੱਚ ਜਾਨ ਗੁਆਉਣ ਵਾਲਿਆਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ ਅਤੇ ਜ਼ਖਮੀਆਂ ਦੇ ਜਲਦੀ ਰੀਕ ਹੋਣ ਦੀ ਕਾਮਨਾ ਕੀਤੀ। ਪੀੜਤ ਪਰਿਵਾਰਾਂ ਨਾਲ ਹਮਦਰਦੀ ਜਤਾਉਂਦੇ ਹੋਏ, ਉਨ੍ਹਾਂ ਨੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਅਤੇ ਪਰਿਵਾਰਾਂ ਨੂੰ ਇਸ ਦੁੱਖ ਨੂੰ ਸਹਿਣ ਕਰਨ ਦੀ ਹਿੰਮਤ ਮਿਲਣ ਲਈ ਪ੍ਰਾਰਥਨਾ ਕੀਤੀ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਜ਼ਖਮੀਆਂ ਦੇ ਉਚਿਤ ਇਲਾਜ ਨੂੰ ਯਕੀਨੀ ਬਣਾਉਣ ਅਤੇ ਹਾਦਸੇ ਤੋਂ ਪ੍ਰਭਾਵਿਤ ਲੋਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ।

ਰੁਦਰਪ੍ਰਯਾਗ ਹਾਦਸਾ: ਪੌਖਰੀ ਤੋਂ ਰਾਂਸੀ ਜਾ ਰਹੀ ਬੋਲੇਰੋ ਖੱਡ ਵਿੱਚ ਡਿੱਗੀ, ਚਾਰ ਦੀ ਮੌਤ, ਛੇ ਜ਼ਖਮੀ

ਉੱਤਰਾਖੰਡ ਦੇ ਰੁਦਰਪ੍ਰਯਾਗ ਜ਼ਿਲ੍ਹੇ ਵਿੱਚ ਸੋਮਵਾਰ ਦੇਰ ਰਾਤ ਬਾਂਸਵਾੜਾ-ਮੋਹਨਖਾਲ ਮੋਟਰ ਮਾਰਗ 'ਤੇ ਇੱਕ ਬੋਲੇਰੋ ਗੱਡੀ ਬੇਕਾਬੂ ਹੋ ਕੇ ਡੂੰਘੀ ਖੱਡ ਵਿੱਚ ਜਾ ਡਿੱਗੀ। ਗੱਡੀ ਵਿੱਚ ਕਰੀਬ 10 ਲੋਕ ਸਵਾਰ ਸਨ। ਇਸ ਭਿਆਨਕ ਹਾਦਸੇ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ, ਜਦਕਿ ਛੇ ਲੋਕ ਜ਼ਖਮੀ ਹੋ ਗਏ। ਇਹ ਵਾਹਨ ਪੌਖਰੀ ਇਲਾਕੇ ਤੋਂ ਗਾਂਸੀ ਵੱਲ ਜਾ ਰਿਹਾ ਸੀ। ਹਾਦਸੇ ਦੀ ਸੂਚਨਾ ਮਿਲਦੇ ਹੀ ਕੋਤਵਾਲੀ ਅਗਸਤਿਆਮੁਨੀ ਪੁਲਿਸ, ਐਸਡੀਆਰਐਫ ਅਤੇ ਡੀਡੀਆਰਐਫ ਦੀਆਂ ਟੀਮਾਂ 108 ਐਂਬੂਲੈਂਸ ਸਮੇਤ ਮੌਕੇ 'ਤੇ ਪਹੁੰਚ ਗਈਆਂ।

ਰਿਸ਼ੀਕੇਸ਼: ਫਕੋਟ ਨੇੜੇ ਖੱਡ ਵਿੱਚ ਡਿੱਗਿਆ ਮੈਕਸ ਵਾਹਨ, ਇੱਕ ਦੀ ਮੌਤ, ਚਾਰ ਜ਼ਖਮੀ

ਉੱਤਰਾਖੰਡ ਦੇ ਫਕੋਟ ਵਿਕਾਸਖੰਡ ਦੇ ਬਾਂਸ ਕਾਟਲ ਪਿੰਡ ਵਿੱਚ ਇੱਕ ਮੈਕਸ ਵਾਹਨ ਹਾਦਸਾਗ੍ਰਸਤ ਹੋ ਕੇ ਖੱਡ ਵਿੱਚ ਜਾ ਡਿੱਗਿਆ। ਇਸ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਚਾਰ ਲੋਕ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਹਾਦਸੇ ਤੋਂ ਬਾਅਦ ਮੌਕੇ 'ਤੇ ਹਫੜਾ-ਦਫੜੀ ਮਚ ਗਈ। ਸਥਾਨਕ ਲੋਕਾਂ ਦੀ ਮਦਦ ਨਾਲ ਜ਼ਖਮੀਆਂ ਨੂੰ ਵਾਹਨ ਵਿੱਚੋਂ ਬਾਹਰ ਕੱਢਿਆ ਗਿਆ ਅਤੇ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ। ਚਾਰਾਂ ਜ਼ਖਮੀਆਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਏਮਜ਼ ਰਿਸ਼ੀਕੇਸ਼ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਜਾਰੀ ਹੈ।

ਮੇਟਾ ਨੇ ਭਾਰਤ ਲਈ ਬਦਲਿਆ ਆਪਣਾ ਸਿਸਟਮ

ਇੰਸਟਾਗ੍ਰਾਮ 'ਤੇ ਹੁਣ ਨਹੀਂ ਦਿਖੇਗੀ ਅਸ਼ਲੀਲ ਤੇ ਹਿੰਸਕ ਸਮੱਗਰੀ

ਮੁੰਬਈ, 17 ਨਵੰਬਰ (ਪੈ.ਗਾਮ-ਏ-ਜਗਤ)

ਮੇਟਾ ਪਲੇਟਫਾਰਮਜ਼ ਨੇ ਮੰਗਲਵਾਰ ਨੂੰ ਕਿਹਾ ਕਿ ਉਸ ਨੇ ਭਾਰਤ ਲਈ ਖ਼ਾਸ ਤੌਰ 'ਤੇ ਇੰਸਟਾਗ੍ਰਾਮ ਦੇ ਰਿਕਮੈਂਡੇਸ਼ਨ ਸਿਸਟਮ (ਸਿਫ਼ਾਰਸ਼ ਪ੍ਰਣਾਲੀ) ਵਿੱਚ ਬਦਲਾਅ ਕੀਤੇ ਹਨ ਤਾਂ ਜੋ ਜਿਨਸੀ ਤੌਰ 'ਤੇ ਇਤਰਾਜ਼ਯੋਗ (ਅਸ਼ਲੀਲ) ਅਤੇ ਹਿੰਸਕ ਸਮੱਗਰੀ ਘੱਟ ਦਿਖਾਈ ਜਾਵੇ। ਇਹ ਕਦਮ ਅਜਿਹੇ ਸਮੇਂ ਚੁੱਕਿਆ ਗਿਆ ਹੈ ਜਦੋਂ ਸਰਕਾਰ ਆਨਲਾਈਨ ਸਮੱਗਰੀ 'ਤੇ ਨਿਗਰਾਨੀ ਸਖ਼ਤ ਕਰ ਰਹੀ ਹੈ।

ਇਹ ਐਲਾਨ ਨਵੀਂ ਦਿੱਲੀ ਵੱਲੋਂ ਪਿਛਲੇ ਮਹੀਨੇ ਕੰਪਨੀ ਨੂੰ ਪੋਸਟਾਂ ਦੀ ਸਿਫ਼ਾਰਸ਼ ਕਰਨ ਦੇ ਤਰੀਕੇ ਦੀ ਸਮੀਖਿਆ ਕਰਨ ਅਤੇ ਹਿੰਸਾ ਭੜਕਾਉਣ ਜਾਂ ਜਨਤਕ ਵਿਵਸਥਾ ਨੂੰ ਭੰਗ ਕਰਨ ਵਾਲੀ ਸਮੱਗਰੀ 'ਤੇ ਜਾਂਚ ਮਜ਼ਬੂਤ ਕਰਨ ਲਈ ਕਹੇ ਜਾਣ ਤੋਂ ਬਾਅਦ ਆਇਆ ਹੈ। ਮੇਟਾ ਨੇ ਕਿਹਾ ਕਿ ਉਸ ਨੇ ਵਰਤੋਂਕਾਰਾਂ (ਯੂਜ਼ਰਜ਼) ਦੀ ਫੀਡਬੈਕ ਦੇ ਆਧਾਰ 'ਤੇ ਪਿਛਲੇ ਇੱਕ ਸਾਲ ਦੌਰਾਨ



ਡਿਫਾਲਟ ਸੁਰੱਖਿਆ ਉਪਾਵਾਂ ਵਿੱਚ ਸੁਧਾਰ ਕੀਤਾ ਹੈ। ਮੇਟਾ ਨੇ ਦੱਸਿਆ ਕਿ ਭਾਰਤ ਵਿੱਚ ਕੀਤੇ ਗਏ ਇਹ ਬਦਲਾਅ ਉਨ੍ਹਾਂ ਖਾਤਿਆਂ (ਅਕਾਊਂਟਸ) ਤੋਂ ਆਉਣ ਵਾਲੀਆਂ ਸਿਫ਼ਾਰਸ਼ਾਂ ਨੂੰ ਪ੍ਰਭਾਵਿਤ ਕਰਦੇ ਹਨ ਜਿਨ੍ਹਾਂ ਨੂੰ ਵਰਤੋਂਕਾਰ ਫਾਲੋ ਨਹੀਂ ਕਰਦੇ ਅਤੇ ਇਹ ਇਸ ਗੱਲ ਨਾਲ ਸਬੰਧਤ ਹਨ ਕਿ ਇੰਸਟਾਗ੍ਰਾਮ ਕਿਸ ਸਮੱਗਰੀ ਨੂੰ ਉਤਸ਼ਾਹਿਤ (ਪ੍ਰਮੋਟ) ਕਰਦਾ ਹੈ, ਨਾ ਕਿ ਸਮੱਗਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਨਾਲ।

ਭਾਰਤ ਦੇ ਤਕਨਾਲੋਜੀ ਮੰਤਰਾਲੇ ਨੇ 10 ਅਕਤੂਬਰ ਨੂੰ ਜਾਰੀ ਇੱਕ ਐਡਵਾਇਜ਼ਰੀ ਵਿੱਚ ਮੇਟਾ ਨੂੰ ਆਪਣੀ ਰੈਂਕਿੰਗ ਅਤੇ ਰਿਕਮੈਂਡੇਸ਼ਨ ਪ੍ਰਣਾਲੀ ਦੀ ਸਮੀਖਿਆ ਕਰਨ ਲਈ ਕਿਹਾ ਸੀ, ਤਾਂ ਜੋ (ਬਾਕੀ ਸਫ਼ਾ 2 'ਤੇ)

ਪੰਜਾਬ ਚੋਣਾਂ ਤੋਂ ਪਹਿਲਾਂ ਮਾਨ ਸਰਕਾਰ ਦਾ ਵੱਡਾ ਫੈਸਲਾ

10 ਲੱਖ ਲਾਭਪਾਤਰੀਆਂ ਨੂੰ ਮਿਲੇਗਾ 'ਮੇਰੀ ਰਸੋਈ' ਯੋਜਨਾ ਦਾ ਲਾਭ

- ਹੁਣ ਸੂਬੇ ਦੇ 1.58 ਕਰੋੜ ਲੋਕ ਆਉਣਗੇ ਖ਼ੁਰਾਕ ਸੁਰੱਖਿਆ ਦੇ ਘੇਰੇ ਹੇਠ

ਚੰਡੀਗੜ੍ਹ, 17 ਨਵੰਬਰ (ਪੈ.ਗਾਮ-ਏ-ਜਗਤ)

ਪੰਜਾਬ ਵਿਧਾਨ ਸਭਾ ਚੋਣਾਂ ਦੇ ਨੇੜੇ ਆਉਂਦਿਆਂ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸੂਬਾ ਸਰਕਾਰ ਦੀਆਂ 'ਸਭ ਲਈ ਅਨਾਜ' ਅਤੇ 'ਮੇਰੀ ਰਸੋਈ' ਯੋਜਨਾਵਾਂ ਦਾ ਘੇਰਾ ਵਿਸ਼ਾਲ ਕਰਦਿਆਂ 10 ਲੱਖ ਹੋਰ ਨਵੇਂ ਲਾਭਪਾਤਰੀਆਂ ਨੂੰ ਇਨ੍ਹਾਂ ਸਕੀਮਾਂ ਵਿੱਚ ਸ਼ਾਮਲ ਕਰਨ ਦਾ ਵੱਡਾ ਐਲਾਨ ਕੀਤਾ ਹੈ। ਆਮ ਆਦਮੀ ਪਾਰਟੀ ਵੱਲੋਂ ਚੋਣ ਤਿਆਰੀਆਂ ਤੇਜ਼ ਕੀਤੇ ਜਾਣ ਦਰਮਿਆਨ ਇਹ ਫ਼ੈਸਲਾ ਖਾਸ ਤੌਰ 'ਤੇ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਵਿੱਚ ਪਾਰਟੀ ਲਈ ਵੱਡਾ ਸਿਆਸੀ ਹੁਲਾਰਾ ਸਾਬਤ ਹੋ ਸਕਦਾ ਹੈ।

ਜ਼ਿਕਰਯੋਗ ਹੈ ਕਿ ਕੌਮੀ ਖ਼ੁਰਾਕ ਸੁਰੱਖਿਆ ਐਕਟ ਤਹਿਤ ਵੰਡੀ ਜਾਂਦੀ ਕਣਕ ਦੇ ਨਾਲ-ਨਾਲ ਵਾਧੂ ਰਾਸ਼ਨ ਮੁਹੱਈਆ ਕਰਵਾਉਣ ਲਈ ਇਸੇ ਸਾਲ ਸ਼ੁਰੂ ਕੀਤੀ ਗਈ 'ਮੇਰੀ ਰਸੋਈ' ਯੋਜਨਾ ਸਰਕਾਰ ਦੀਆਂ ਲੋਕ ਭਲਾਈ



ਨੀਤੀਆਂ ਦਾ ਮੁੱਖ ਧੁਰਾ ਬਣੀ ਹੋਈ ਹੈ। ਮੌਜੂਦਾ ਸਮੇਂ ਸੂਬੇ ਦੇ ਲਗਪਗ 1.48 ਕਰੋੜ ਲਾਭਪਾਤਰੀ ਇਨ੍ਹਾਂ ਦੋਵਾਂ ਯੋਜਨਾਵਾਂ ਤਹਿਤ ਮੁਫ਼ਤ ਕਣਕ ਅਤੇ ਹੋਰ ਰਾਸ਼ਨ ਸਮੱਗਰੀ ਪ੍ਰਾਪਤ ਕਰ ਰਹੇ ਹਨ ਅਤੇ ਇਸ ਨਵੇਂ ਵਿਸਥਾਰ ਨਾਲ 10 ਲੱਖ ਹੋਰ ਲੋੜਵੰਦ ਲੋਕ ਇਸ ਦੇ ਘੇਰੇ ਵਿੱਚ ਆ ਜਾਣਗੇ। ਇਸ ਮੌਕੇ ਵਿਰੋਧੀ ਪਾਰਟੀਆਂ 'ਤੇ ਨਿਸ਼ਾਨਾ ਸੇਧਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਪੈਸੇ ਲੈ ਕੇ ਜਾਂ ਸਿਆਸੀ ਆਗੂਆਂ ਦੀਆਂ ਸਿਫ਼ਾਰਸ਼ਾਂ 'ਤੇ ਰਾਸ਼ਨ ਕਾਰਡ ਬਣਾਉਣ ਦੀ ਪੁਰਾਣੀ ਪਿਰਤ ਨੂੰ ਖ਼ਤਮ ਕਰ ਦਿੱਤਾ ਹੈ। ਉਨ੍ਹਾਂ ਕਿਹਾ, "ਪਹਿਲਾਂ ਇਹ ਰਾਸ਼ਨ ਕਾਰਡ ਸਿਰਫ਼ ਰਿਸ਼ਵਤ (ਨਕਦੀ) ਲ

‘ਖੇਡਾਂ ਵਤਨ ਪੰਜਾਬ ਦੀਆਂ’ ਦੇ ਚੌਥੇ ਸੀਜ਼ਨ ਤਹਿਤ ਦਿੜ੍ਹਬਾ ਵਿੱਚ ਸੂਬਾ ਪੱਧਰੀ ਨੈਸ਼ਨਲ ਸਟਾਈਲ ਕਬੱਡੀ ਮੁਕਾਬਲੇ ਸ਼ੁਰੂ

ਦਿੜ੍ਹਬਾ, 17 ਨਵੰਬਰ (ਪੈ.ਗਾਮ-ਏ-ਜਗਤ)

ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ‘ਖੇਡਾਂ ਵਤਨ ਪੰਜਾਬ ਦੀਆਂ’ ਦੇ ਚੌਥੇ ਸੀਜ਼ਨ ਤਹਿਤ ਨੈਸ਼ਨਲ ਸਟਾਈਲ

- **ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਓਐੱਸਡੀ ਤਪਿੰਦਰ ਸਿੰਘ ਸੋਹੀ ਨੇ ਕੀਤਾ ਉਦਘਾਟਨ**



ਕਬੱਡੀ ਦੇ ਸੂਬਾ ਪੱਧਰੀ ਮੁਕਾਬਲੇ ਅੱਜ ਦਿੜ੍ਹਬਾ ਵਿਖੇ ਸ਼ੁਰੂ ਹੋਏ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਓਐੱਸਡੀ ਤਪਿੰਦਰ ਸਿੰਘ ਸੋਹੀ ਨੇ ਸ਼ਹੀਦ ਬਚਨ ਸਿੰਘ ਸਟੇਡੀਅਮ ਦੇ ਅੰਦਰ ਕਰੀਬ 07.20 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਨਵੇਂ ਇੰਡੋਰ ਸਟੇਡੀਅਮ ਦੇ ਬਾਹਰ ਗੁਬਾਰੇ ਛੱਡ ਕੇ ਟੂਰਨਾਮੈਂਟ ਦਾ ਉਦਘਾਟਨ ਕੀਤਾ। ਇਸ ਇੰਡੋਰ ਸਟੇਡੀਅਮ ਵਿੱਚ ਪਹਿਲੀ ਵਾਰ ਕਰਵਾਏ ਜਾ ਰਹੇ ਇਨ੍ਹਾਂ ਮੁਕਾਬਲਿਆਂ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਵੱਖ-ਵੱਖ ਵਰਗਾਂ ਵਿੱਚ ਲੜਕਿਆਂ ਅਤੇ ਲੜਕੀਆਂ ਦੀਆਂ ਟੀਮਾਂ ਹਿੱਸਾ ਲੈ ਰਹੀਆਂ ਹਨ। ਟਰਨਾਮੈਂਟ 23 ਨਵੰਬਰ ਨੂੰ ਸਮਾਪਤ ਹੋਵੇਗਾ।

ਉਦਘਾਟਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਤਪਿੰਦਰ ਸਿੰਘ ਸੋਹੀ ਨੇ ਕਿਹਾ ਕਿ ਕਬੱਡੀ ਦੇ ਪ੍ਰਮੁੱਖ ਕੇਂਦਰ ਵਜੋਂ ਜਾਣੇ ਜਾਂਦੇ ਦਿੜ੍ਹਬਾ ਨੂੰ ਇਸ ਵਾਰ ਵੀ ਸੂਬਾ ਪੱਧਰੀ ਮੁਕਾਬਲਿਆਂ ਦੀ ਮੇਜ਼ਬਾਨੀ ਦਾ ਮੌਕਾ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਇਹ ਇੰਡੋਰ ਸਟੇਡੀਅਮ ਓਲੰਪੀਅਨ ਅਤੇ ਪਦਮਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਮੁੱਕੇਬਾਜ਼ ਕੌਰ ਸਿੰਘ ਅਤੇ ਕੌਮਾਂਤਰੀ ਕਬੱਡੀ ਕੋਚ ਗੁਰਮੇਲ ਸਿੰਘ ਦੀ ਯਾਦ ਵਿੱਚ ਬਣਾਇਆ ਗਿਆ ਹੈ। ਸਟੇਡੀਅਮ ਵਿੱਚ ਇੱਕੋ ਸਮੇਂ 11 ਖੇਡਾਂ ਕਰਵਾਉਣ ਦੀ ਸਹੂਲਤ ਹੈ ਅਤੇ ਇੱਥੇ ਕੌਮਾਂਤਰੀ ਪੱਧਰ ਦੇ ਮੈਚ ਵੀ ਕਰਵਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਸਟੇਡੀਅਮ ਨਾਲ ਇਲਾਕੇ ਦੇ ਖਿਡਾਰੀਆਂ ਨੂੰ ਨਿਯਮਤ ਅਭਿਆਸ ਕਰਨ ਅਤੇ ਸੂਬਾਈ, ਕੌਮੀ ਤੇ ਕੌਮਾਂਤਰੀ ਮੁਕਾਬਲਿਆਂ ਲਈ ਤਿਆਰੀ ਕਰਨ ਦਾ ਮੌਕਾ ਮਿਲੇਗਾ।

ਸ੍ ਸੋਹੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿੰਡਾਂ ਵਿੱਚ ਖੇਡ ਸਹੂਲਤਾਂ ਵਿਕਸਤ ਕਰਨ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਕਰੀਬ 6,000 ਸਟੇਡੀਅਮ ਉਸਾਰੇ ਗਏ ਹਨ ਅਤੇ ਪੰਜਾਬ ਦੇ ਤਕਰੀਬਨ ਹਰ ਤੀਜੇ ਪਿੰਡ ਵਿੱਚ ਸਟੇਡੀਅਮ ਦੀ ਸਹੂਲਤ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਖੇਡ ਮੈਦਾਨ ਤਿਆਰ ਕਰਨ ਦਾ ਮਕਸਦ ਨੌਜਵਾਨਾਂ ਨੂੰ ਆਪਣੇ ਪਿੰਡਾਂ ਵਿੱਚ ਹੀ ਅਭਿਆਸ ਦੀ ਸਹੂਲਤ ਦੇਣਾ, ਉਨ੍ਹਾਂ ਨੂੰ ਖੇਡਾਂ ਨਾਲ ਜੋੜਨਾ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨਾ ਹੈ।

ਮੁਕਾਬਲਿਆਂ ਵਿੱਚ ਹਿੱਸਾ ਲੈ ਰਹੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਸ੍ ਸੋਹੀ ਨੇ ਉਨ੍ਹਾਂ ਨੂੰ ਖੇਡ ਭਾਵਨਾ ਨਾਲ ਖੇਡਣ ਅਤੇ ਆਪਣੇ ਪ੍ਰਦਰਸ਼ਨ ਨਾਲ ਆਪਣੇ ਇਲਾਕੇ ਦਾ ਨਾਂ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸੂਬਾ ਪੱਧਰੀ ਮੁਕਾਬਲਿਆਂ ਵਿੱਚ ਵੱਖ-ਵੱਖ ਜ਼ਿਲ੍ਹਿਆਂ ਦੀਆਂ ਟੀਮਾਂ ਨਾਲ ਖੇਡਣ ਦਾ ਤਜਰਬਾ ਖਿਡਾਰੀਆਂ ਨੂੰ ਅਗਲੇ ਪੱਧਰ ਦੇ ਮੁਕਾਬਲਿਆਂ ਦੀ ਤਿਆਰੀ ਵਿੱਚ ਸਹਾਈ ਹੁੰਦਾ ਹੈ।

ਜ਼ਿਲ੍ਹਾ ਖੇਡ ਅਫ਼ਸਰ ਨਵਦੀਪ ਸਿੰਘ ਨੇ ਸਮਾਗਮ ਵਿੱਚ ਪਹੁੰਚਣ ’ਤੇ ਤਪਿੰਦਰ ਸਿੰਘ ਸੋਹੀ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਸਬੰਧੀ ਜਾਰੀ ਹਦਾਇਤਾਂ ਅਤੇ ਸਰਕਾਰ ਦੇ ਖੇਡ ਉਪਰਾਲਿਆਂ ਬਾਰੇ ਜਾਣਕਾਰੀ ਘਰ-ਘਰ ਤੱਕ ਪਹੁੰਚਾਈ ਜਾਵੇਗੀ, ਤਾਂ ਜੋ ਵੱਧ ਤੋਂ ਵੱਧ ਬੱਚੇ ਅਤੇ ਨੌਜਵਾਨ ਖੇਡ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਣ।

ਇਸ ਮੌਕੇ ਨਗਰ ਸੁਧਾਰ ਟਰੱਸਟ ਸੰਗਰੂਰ ਦੇ ਚੇਅਰਮੈਨ ਪ੍ਰੀਤਮ ਸਿੰਘ ਪੀਤੂ, ਚੇਅਰਪਰਸਨ ਜਸਵੀਰ ਕੌਰ ਸ਼ੇਰਗਿੱਲ, ਨਗਰ ਪੰਚਾਇਤ ਦਿੜ੍ਹਬਾ ਦੇ ਪ੍ਰਧਾਨ ਮਨਿੰਦਰ ਸਿੰਘ ਘੁਮਾਣ, ਸ਼ਹਿਰੀ ਪ੍ਰਧਾਨ ਧਰਮਪਾਲ ਗਰਗ, ਹਲਕਾ ਸਪੋਰਟਸ ਵੈਲਫੇਅਰ ਦੇ ਚੇਅਰਮੈਨ ਸਤਪਾਲ ਖਡਿਆਲ, ਬਲਾਕ ਸੰਮਤੀ ਦੀ ਚੇਅਰਪਰਸਨ ਮਨਜੀਤ ਕੌਰ ਅਤੇ ਵੱਡੀ ਗਿਣਤੀ ਵਿੱਚ ਖਿਡਾਰੀ ਅਤੇ ਸਥਾਨਕ ਲੋਕ ਹਾਜ਼ਰ ਸਨ।

ਦਿਲ ਦੀਆਂ ਬਿਮਾਰੀਆਂ ਅਤੇ ਕੈਂਸਰ ਤੋਂ ਬਾਅਦ ਸੀਓਪੀਡੀ ਦੁਨੀਆ ਵਿੱਚ ਮੌਤਾਂ ਦਾ ਤੀਜਾ ਸਭ ਤੋਂ ਵੱਡਾ ਕਾਰਨ: ਡਾ. ਐੱਸ.ਕੇ. ਗੁਪਤਾ

ਚੰਡੀਗੜ੍ਹ, 17 ਨਵੰਬਰ (ਪੈ.ਗਾਮ-ਏ-ਜਗਤ)

ਕ੍ਰੋਨਿਕ ਔਬਸਟਰਕਟਿਵ ਪਲਮਨਰੀ ਡਿਜ਼ੀਜ਼ (ਸੀਓਪੀਡੀ) ਦੇ ਵਧਦੇ ਵਿਸ਼ਵਵਿਆਪੀ ਖ਼ਤਰੇ ’ਤੇ ਚਿੰਤਾ ਪ੍ਰਗਟ ਕਰਦਿਆਂ ਪਾਰਕ ਹਸਪਤਾਲ ਪੰਚਕੂਲਾ ਅਤੇ ਪਾਰਕ ਹਸਪਤਾਲ ਮੋਹਾਲੀ ਦੇ ਸੀਨੀਅਰ ਪਲਮੋਨੋਲੋਜਿਸਟਾਂ ਨੇ ਬਿਮਾਰੀ ਦੀ ਸਮੇਂ ਸਿਰ ਪਛਾਣ, ਢੁੱਕਵੇਂ ਇਲਾਜ ਅਤੇ ਪ੍ਰਭਾਵਸ਼ਾਲੀ ਰੋਕਥਾਮ ਉਪਾਵਾਂ ’ਤੇ ਜ਼ੋਰ ਦਿੱਤਾ। ਮੰਗਲਵਾਰ ਨੂੰ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਮਾਹਿਰਾਂ ਨੇ ਕਿਹਾ ਕਿ ਹਵਾ ਪ੍ਰਦੂਸ਼ਣ, ਸਿਗਰਟਨੋਸ਼ੀ ਅਤੇ ਹਾਨੀਕਾਰਕ ਗੈਸਾਂ ਤੇ ਧੂੰਏਂ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਕਾਰਨ ਸੀਓਪੀਡੀ ਦਾ ਖ਼ਤਰਾ ਲਗਾਤਾਰ ਵਧ ਰਿਹਾ ਹੈ। ਉਨ੍ਹਾਂ ਇਸ ਗੰਭੀਰ ਸਿਹਤ ਚੁਣੌਤੀ ਨਾਲ ਨਜਿੱਠਣ ਲਈ ਵਿਆਪਕ ਜਾਗਰੂਕਤਾ ਅਤੇ ਪ੍ਰਭਾਵਸ਼ਾਲੀ ਰੋਕਥਾਮ ਰਣਨੀਤੀ ਦੀ ਲੋੜ ’ਤੇ ਵੀ ਜ਼ੋਰ ਦਿੱਤਾ।

ਇਸ ਮੌਕੇ ਪਾਰਕ ਹਸਪਤਾਲ ਪੰਚਕੂਲਾ ਤੋਂ ਡਾ. ਐੱਸ.ਕੇ. ਗੁਪਤਾ, ਡਾਇਰੈਕਟਰ - ਪਲਮੋਨੋਲੋਜੀ ਅਤੇ ਡਾ. ਅਮਨਪ੍ਰੀਤ ਕੌਰ, ਕੰਸਲਟੈਂਟ - ਪਲਮੋਨੋਲੋਜੀ, ਜਦਕਿ ਪਾਰਕ ਹਸਪਤਾਲ ਮੋਹਾਲੀ ਤੋਂ ਡਾ. ਹਿਤੇਸ਼ ਗੌਰ, ਕੰਸਲਟੈਂਟ - ਪਲਮੋਨੋਲੋਜੀ ਅਤੇ ਡਾ. ਸੁਮਿਤ ਭਾਰਤੀ, ਐਸੋਸੀਏਟ ਡਾਇਰੈਕਟਰ - ਪਲਮੋਨੋਲੋਜੀ ਮੌਜੂਦ ਸਨ।



ਡਾ. ਐੱਸ.ਕੇ. ਗੁਪਤਾ ਨੇ ਸੀਓਪੀਡੀ ਦੀ ਗੰਭੀਰਤਾ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਦੁਨੀਆ ਭਰ ਵਿੱਚ ਮੌਤ ਦੇ ਪ੍ਰਮੁੱਖ ਕਾਰਨਾਂ ਵਿੱਚ ਸ਼ਾਮਲ ਹੈ ਅਤੇ ਦਿਲ ਦੀਆਂ ਬਿਮਾਰੀਆਂ ਤੇ ਕੈਂਸਰ ਤੋਂ ਬਾਅਦ ਮੌਤਾਂ ਦਾ ਤੀਜਾ ਸਭ ਤੋਂ ਵੱਡਾ ਕਾਰਨ ਹੈ। ਉਨ੍ਹਾਂ ਦੱਸਿਆ ਕਿ ਸੀਓਪੀਡੀ ਫੇਫੜਿਆਂ ਦੀ ਇੱਕ ਲਗਾਤਾਰ ਵਧਣ ਵਾਲੀ ਬਿਮਾਰੀ ਹੈ, ਜਿਸ ਵਿੱਚ ਸਾਹ ਦੀਆਂ ਨਾਲੀਆਂ ਵਿੱਚ ਰੁਕਾਵਟ ਆਉਣ ਕਾਰਨ ਫੇਫੜਿਆਂ ਵਿੱਚ ਹਵਾ ਦਾ ਆਉਣਾ-ਜਾਣਾ ਪ੍ਰਭਾਵਿਤ ਹੁੰਦਾ ਹੈ ਅਤੇ ਮਰੀਜ਼ ਨੂੰ ਸਾਹ ਲੈਣ ਵਿੱਚ ਲਗਾਤਾਰ ਮੁਸ਼ਕਲ ਆਉਣ ਲੱਗਦੀ ਹੈ। ਉਨ੍ਹਾਂ ਕਿਹਾ, “ਬਹੁਤ ਸਾਰੇ ਲੋਕ ਸਾਹ ਚੜ੍ਹਨ ਅਤੇ ਲਗਾਤਾਰ ਖੰਘ ਆਉਣ ਨੂੰ ਵਧਦੀ ਉਮਰ ਦਾ ਆਮ ਲੱਛਣ ਸਮਝ ਕੇ ਨਜ਼ਰਅੰਦਾਜ਼ ਕਰ ਦਿੰਦੇ ਹਨ। ਬਿਮਾਰੀ ਦੇ ਸ਼ੁਰੂਆਤੀ ਪੜਾਅ ਵਿੱਚ ਲੱਛਣ ਹਲਕੇ ਹੋ ਸਕਦੇ ਹਨ ਜਾਂ ਆਸਾਨੀ ਨਾਲ ਪਛਾਣ ਵਿੱਚ ਨਹੀਂ ਆਉਂਦੇ।

ਇਸ ਕਾਰਨ ਮਰੀਜ਼ ਨੂੰ ਬਿਮਾਰੀ ਦਾ ਪਤਾ ਨਹੀਂ ਲੱਗਦਾ ਅਤੇ ਇਹ ਹੌਲੀ-ਹੌਲੀ ਗੰਭੀਰ ਰੂਪ ਧਾਰਨ ਕਰ ਸਕਦੀ ਹੈ। ਇਸ ਲਈ ਲਗਾਤਾਰ ਖੰਘ, ਸਾਹ ਚੜ੍ਹਨ ਜਾਂ ਸਾਹ ਲੈਣ ਵਿੱਚ ਮੁਸ਼ਕਲ ਹੋਣ ’ਤੇ ਸਮੇਂ ਸਿਰ ਮਾਹਿਰ ਡਾਕਟਰ ਨਾਲ ਸਲਾਹ ਕਰਨਾ ਬਹੁਤ ਜ਼ਰੂਰੀ ਹੈ। ਡਾ. ਹਿਤੇਸ਼ ਗੌਰ ਨੇ ਸੀਓਪੀਡੀ ਦੇ ਗੰਭੀਰ ਸਿਹਤ ਪ੍ਰਭਾਵਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਦੁਨੀਆ ਭਰ ਵਿੱਚ ਬਿਮਾਰੀ ਅਤੇ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦਾ ਇੱਕ ਪ੍ਰਮੁੱਖ ਕਾਰਨ ਹੈ। ਇਹ ਬਿਮਾਰੀ ਆਮ ਤੌਰ ’ਤੇ 40 ਸਾਲ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਦੇਖੀ ਜਾਂਦੀ ਹੈ, ਖ਼ਾਸ ਕਰਕੇ ਉਨ੍ਹਾਂ ਵਿੱਚ ਜਿਨ੍ਹਾਂ ਨੂੰ ਲੰਬੇ ਸਮੇਂ ਤੋਂ ਸਿਗਰਟਨੋਸ਼ੀ ਕਰਨ ਦੀ ਆਦਤ ਰਹੀ ਹੋਵੇ। ਹਾਲਾਂਕਿ, ਸਿਗਰਟਨੋਸ਼ੀ ਨਾ ਕਰਨ ਵਾਲੇ ਲੋਕ ਵੀ ਹਵਾ ਪ੍ਰਦੂਸ਼ਣ ਅਤੇ ਹੋਰ ਹਾਨੀਕਾਰਕ ਤੱਤਾਂ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਕਾਰਨ ਸੀਓਪੀਡੀ ਦਾ ਸ਼ਿਕਾਰ ਹੋ ਸਕਦੇ ਹਨ। ਉਨ੍ਹਾਂ ਕਿਹਾ, “ਕਾਰਜ ਸਥਾਨਾਂ ’ਤੇ ਲੰਬੇ ਸਮੇਂ ਤੱਕ ਰਸਾਇਣਾਂ, ਧੂੜ ਅਤੇ ਜ਼ਹਿਰੀਲੀਆਂ ਗੈਸਾਂ ਤੇ ਧੂੰਏਂ ਦੇ ਸੰਪਰਕ ਵਿੱਚ ਰਹਿਣਾ ਅਤੇ ਘਰਾਂ ਵਿੱਚ ਬਾਇਓਮਾਸ ਤੇ ਹੋਰ ਠੋਸ ਬਾਲਣਾਂ ਨਾਲ ਖਾਣਾ ਪਕਾਉਣ ਕਾਰਨ ਪੈਦਾ ਹੋਣ ਵਾਲਾ ਅੰਦਰੂਨੀ ਹਵਾ ਪ੍ਰਦੂਸ਼ਣ ਸੀਓਪੀਡੀ ਦੇ ਮੁੱਖ ਜੋਖਮ ਕਾਰਕ ਹਨ। ਸਿਗਰਟਨੋਸ਼ੀ ਦੇ ਨਾਲ-ਨਾਲ ਬਾਹਰੀ ਅਤੇ ਘਰੇਲੂ ਹਵਾ ਪ੍ਰਦੂਸ਼ਣ ਵੀ ਫੇਫੜਿਆਂ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦਾ ਹੈ।

ਸੁਨਾਮ ਦੇ ਸਟੇਡੀਅਮ ਵਿੱਚ ਲੰਮੀ ਛਾਲ ਲਈ ਮੈਦਾਨ ਦੇ ਇੱਕ ਪਾਸੇ ਬਣੇਗੀ ਪਿੱਟ : ਅਮਨ ਅਰੋੜਾ

ਸੁਨਾਮ, 17 ਨਵੰਬਰ (ਪੈ.ਗਾਮ-ਏ-ਜਗਤ)

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਸੁਨਾਮ ਦੇ ਸਟੇਡੀਅਮ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਸਬੰਧੀ ਸਥਾਨਕ ਖਿਡਾਰੀਆਂ, ਕੋਚਾਂ, ਖੇਡ ਪ੍ਰੇਮੀਆਂ ਅਤੇ ਵਾਰਡ ਕੌਂਸਲਰਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਨੇ ਖਿਡਾਰੀਆਂ ਦੀ ਮੰਗ ਮੌਕੇ ’ਤੇ ਹੀ ਪ੍ਰਵਾਨ ਕਰਦਿਆਂ ਕਿਹਾ ਕਿ

- **ਕੈਬਨਿਟ ਮੰਤਰੀ ਨੇ ਖਿਡਾਰੀਆਂ ਦੀ ਮੰਗ ਮੌਕੇ ’ਤੇ ਹੀ ਪ੍ਰਵਾਨ ਕੀਤੀ**



ਸਟੇਡੀਅਮ ਦੇ ਮੈਦਾਨ ਵਿੱਚ ਲੰਮੀ ਛਾਲ ਲਈ ਰੇਤ ਵਾਲੀ ਪਿੱਟ ਮੈਦਾਨ ਦੇ ਇੱਕ ਪਾਸੇ ਬਣਾਈ ਜਾਵੇਗੀ। ਮੀਟਿੰਗ ਦੌਰਾਨ ਖਿਡਾਰੀਆਂ ਅਤੇ ਵਾਰਡ ਨੁਮਾਇੰਦਿਆਂ ਨੇ ਦੱਸਿਆ ਕਿ ਇਲਾਕੇ ਦੇ ਸੈਂਕੜੇ ਬੱਚੇ ਅਤੇ ਨੌਜਵਾਨ ਰੋਜ਼ਾਨਾ ਇਸ ਸਟੇਡੀਅਮ ਵਿੱਚ ਅਭਿਆਸ ਕਰਨ ਆਉਂਦੇ ਹਨ। ਉਨ੍ਹਾਂ ਦੱਸਿਆ ਕਿ ਇੱਥੇ ਹਰ ਸਾਲ ਫੁੱਟਬਾਲ ਟੂਰਨਾਮੈਂਟ ਕਰਵਾਏ ਜਾਂਦੇ ਹਨ ਅਤੇ ਇਸ ਮੈਦਾਨ ਤੋਂ ਆਪਣਾ ਖੇਡ ਸਫ਼ਰ ਸ਼ੁਰੂ ਕਰਨ ਵਾਲੇ ਕਈ ਖਿਡਾਰੀਆਂ ਨੇ ਕੌਮੀ ਤੇ ਕੌਮਾਂਤਰੀ ਪੱਧਰ ’ਤੇ ਸੁਨਾਮ ਦਾ ਨਾਂ ਰੌਸ਼ਨ ਕੀਤਾ ਹੈ।

ਖਿਡਾਰੀਆਂ ਨੇ ਕੈਬਨਿਟ ਮੰਤਰੀ ਨੂੰ ਮੰਗ ਪੱਤਰ ਸੌਂਪਣ ਦੇ ਨਾਲ-ਨਾਲ ਪਿੱਟ ਲਈ ਸੁਝਾਈ ਥਾਂ ਦਾ ਨਕਸ਼ਾ ਅਤੇ ਲੋੜੀਂਦੇ ਮਾਪ ਵੀ ਪੇਸ਼ ਕੀਤੇ।

ਅਮਨ ਅਰੋੜਾ ਨੇ ਕਿਹਾ ਕਿ ਖਿਡਾਰੀਆਂ ਵੱਲੋਂ ਪੇਸ਼ ਕੀਤੇ ਨਕਸ਼ੇ ਅਤੇ ਮਾਪਾਂ ਬਾਰੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਖੇਡ ਮਾਹਿਰਾਂ ਨਾਲ ਛੇਤੀ ਵਿਚਾਰ-ਵਟਾਂਦਰਾ ਕਰਕੇ ਪਿੱਟ ਲਈ ਢੁੱਕਵੀਂ ਥਾਂ ਤੈਅ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਟੇਡੀਅਮ ਦੇ ਆਧੁਨਿਕੀਕਰਨ ਦੌਰਾਨ ਵੱਖ-ਵੱਖ ਖੇਡਾਂ ਦੇ ਖਿਡਾਰੀਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ, ਤਾਂ ਜੋ ਐਥਲੈਟਿਕਸ ਲਈ ਅਭਿਆਸ ਦੀ ਸਹੂਲਤ ਮਿਲੇ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਅਤੇ ਬੱਚਿਆਂ ਤੇ ਨੌਜਵਾਨਾਂ ਲਈ ਖੇਡ ਸਹੂਲਤਾਂ ਵਧਾਉਣ ਵਾਸਤੇ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਥਾਨਕ ਪੱਧਰ ’ਤੇ ਖੇਡ ਮੈਦਾਨ ਅਤੇ ਅਭਿਆਸ ਦੀਆਂ ਸਹੂਲਤਾਂ ਉਪਲਬਧ ਹੋਣ ਨਾਲ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਖੇਡਾਂ ਨਾਲ ਜੁੜਨ ਦਾ ਮੌਕਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਜੁੜਨ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ।ਖਿਡਾਰੀਆਂ ਅਤੇ ਵਾਰਡ ਨੁਮਾਇੰਦਿਆਂ ਨੇ ਉਨ੍ਹਾਂ ਦੀ ਮੰਗ ਪ੍ਰਵਾਨ ਕਰਨ ਲਈ ਕੈਬਨਿਟ ਮੰਤਰੀ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਜ਼ਿਲ੍ਹਾ ਫੁਟਬਾਲ ਐਸੋਸੀਏਸ਼ਨ ਦੇ ਪ੍ਰਧਾਨ ਰਿਸ਼ੀਪਾਲ ਖੈਰਾ, ਅਹੁਦੇਦਾਰ ਨਰੇਸ਼ ਸ਼ਰਮਾ, ਯਸ਼ਪਾਲ ਮੰਗਲਾ, ਸੈਕਟਰੀ ਵਿਕਰਮ ਜੀ, ਅਨੁਰਿਧ ਵਸ਼ਿਸ਼ਟ, ਯਾਦਵਿੰਦਰ ਸਿੰਘ ਨਿਰਮਾਣ, ਭਾਨੂ ਪ੍ਰਤਾਪ, ਨੀਟੂ ਸਕਸੈਨਾ, ਰਜਿੰਦਰ ਕੁਮਾਰ,ਸਨੀ ਖਟਕ ਵੱਖ-ਵੱਖ ਵਾਰਡਾਂ ਦੇ ਕੌਂਸਲਰ, , ਕੋਚ, ਖੇਡ ਪ੍ਰੇਮੀ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਖਿਡਾਰੀ ਹਾਜ਼ਰ ਸਨ।

ਰੰਗਕਰਮੀ, ਨਿਰਦੇਸ਼ਕ ਅਤੇ ਕੇਂਦਰੀ ਸਭਾ ਦੇ ਆਗੂ ਬਲਬੀਰ ਬੱਲੀ ਨਹੀਂ ਰਹੇ

ਪੈ.ਗਾਮ-ਏ-ਜਗਤ/ਫਗਵਾੜਾ
17 ਨਵੰਬਰ (ਹਰੀਸ਼ ਭੰਡਾਰੀ)

ਸਿਰਜਣਾ ਆਰਟ ਗਰੁੱਪ ਰਾਏਕੋਟ ਰਾਹੀਂ ਮਾਲਵਾ ਖੇਤਰ ਵਿਚ ਰੰਗਮੰਚ ਦਾ ਜਾਗ ਲਾਉਣ ਵਾਲੇ ਰੰਗਕਰਮੀ ਅਤੇ ਨਿਰਦੇਸ਼ਕ ਬਲਬੀਰ ਬੱਲੀ ਦਾ 16 ਨਵੰਬਰ ਦੇਰ ਸ਼ਾਮ ਨੂੰ ਦਿਹਾਂਤ ਹੋ ਗਿਆ। ਉਸਦੇ ਅਕਾਲ ਚਲਾਣਾ ਦੀ ਖ਼ਬਰ ਨਾਲ ਸਾਹਿਤ ਜਗਤ ਵਿੱਚ ਸੋਗ ਦੀ ਲਹਿਰ ਫ਼ੈਲ ਗਈ ਹੈ। ਉਸਦੇ ਅਕਾਲ ਚਲਾਣਾ ਕਰ ਜਾਣ ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਕੇਂਦਰੀ ਪੰਜਾਬੀ ਲੇਖਕ ਸਭਾ ਸੋਖੋਂ ਦੇ ਸੀਨੀ ਮੀਤ ਪ੍ਰਧਾਨ ਪ੍ਰੋ. ਸੰਧੂ ਵਰਿਆਣਵੀ ਅਤੇ ਮੀਤ ਪ੍ਰਧਾਨ ਜਗਦੀਸ਼ ਰਾਣਾ ਨੇ ਮੀਡੀਆ ਨਾਲ ਗੱਲ ਕਰਦਿਆ ਦੱਸਿਆ ਕਿ ਬਲਬੀਰ ਬੱਲੀ ਕੇਂਦਰੀ ਪੰਜਾਬੀ ਲੇਖਕ ਸਭਾ ਸੋਖੋਂ ਰਜਿ ਦੇ ਸੂਬਾਈ ਆਗੂ ਸਨ। 55 ਵਰ੍ਹਿਆਂ ਦੇ ਬੱਲੀ ਨੇ ਲੁਧਿਆਣਾ ਦੇ ਨਿੱਜੀ ਹਸਪਤਾਲ ਵਿਚ ਆਖਰੀ ਸਾਹ ਲ

ਤਿੰਨ ਰੋਜ਼ਾ ਮਹਾਨ ਕੀਰਤਨ ਦਰਬਾਰ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸੰਪੰਨ

- ਡਾ. ਕੁਲਵੀਰ ਸਿੰਘ ਪੁਰੇਵਾਲ ਨੂੰ ਪਹਿਲੇ 'ਗੁਰੂ ਨਾਨਕ ਮਿਸ਼ਨ ਐਵਾਰਡ' ਨਾਲ ਕੀਤਾ ਸਨਮਾਨਿਤ, 31 ਪ੍ਰਾਣੀਆਂ ਨੇ ਛਕਿਆ ਅੰਮ੍ਰਿਤ



ਪੈ.ਗਾਮ-ਏ-ਜਗਤ
ਨਵਾਂਸ਼ਹਿਰ (ਦੇਸ ਰਾਜ ਬਾਲੀ)

ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵੱਲੋਂ ਕਰਵਾਇਆ ਗਿਆ ਤਿੰਨ ਰੋਜ਼ਾ ਮਹਾਨ ਕੀਰਤਨ ਦਰਬਾਰ ਸਰਬੱਤ ਦੇ ਭਲੇ ਦੀ ਅਰਦਾਸ ਅਤੇ ਗੁਰੂ ਚਰਨਾਂ ਵਿੱਚ ਸ਼ੁਕਰਾਨੇ ਨਾਲ ਸੰਪੰਨ ਹੋਇਆ। ਆਖ਼ਰੀ ਦਿਨ ਸੰਗਤਾਂ ਦੀ ਵੱਡੀ ਗਿਣਤੀ ਨੇ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਗੁਰੂ ਸਾਹਿਬ ਦੇ ਪਾਵਨ ਸਰੂਪ ਨੂੰ ਸੁੰਦਰ ਪਾਲਕੀ ਸਾਹਿਬ ਵਿੱਚ ਪੰਜ ਪਿਆਰਿਆਂ ਦੀ ਅਗਵਾਈ ਹੇਠ ਲਿਆਂਦਾ ਗਿਆ। ਭਾਈ ਨਵਦੀਪ ਸਿੰਘ ਕਟਾਰੀਆਂ ਵਾਲਿਆਂ ਦੇ ਕੀਰਤਨੀ ਜਥੇ ਨੇ ਗੁਰਬਾਣੀ ਕੀਰਤਨ ਨਾਲ ਸਮਾਗਮ ਦੀ ਸ਼ੁਰੂਆਤ ਕੀਤੀ। ਭਾਈ ਅਮਰੀਕ ਸਿੰਘ ਚੰਡੀਗੜ੍ਹ ਵਾਲਿਆਂ ਨੇ ਕਥਾ ਵਿਚਾਰਾਂ ਰਾਹੀਂ ਗੁਰਮਤਿ ਜੀਵਨ-ਜਾਚ ਦਾ ਸੰਦੇਸ਼ ਦਿੱਤਾ ਅਤੇ ਭਾਈ ਚਰਨਜੀਤ ਸਿੰਘ ਹੀਰਾ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਸੁਸਾਇਟੀ ਵੱਲੋਂ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਨਿਸ਼ਕਾਮ ਯੋਗਦਾਨ ਲਈ ਡਾ. ਕੁਲਵੀਰ ਸਿੰਘ ਪੁਰੇਵਾਲ ਨੂੰ ਪਹਿਲੇ 'ਗੁਰੂ ਨਾਨਕ ਮਿਸ਼ਨ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਵਿਸ਼ੇਸ਼ ਖਿੱਚ ਪ੍ਰਸਿੱਧ ਕਥਾਵਾਚਕ ਗਿਆਨੀ ਪਿੰਦਰਪਾਲ ਸਿੰਘ ਦੇ ਗੁਰਮਤਿ ਵਿਚਾਰ ਰਹੇ। ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਦੇ ਹਵਾਲੇ ਨਾਲ ਨਾਮ ਸਿਮਰਨ, ਨਿਮਰਤਾ, ਸੇਵਾ, ਪਰਉਪਕਾਰ ਅਤੇ ਆਪਸੀ ਪਿਆਰ ਦੀ ਮਹੱਤਤਾ ਦੱਸੀ। ਉਨ੍ਹਾਂ ਕਿਹਾ ਕਿ ਗੁਰੂ ਘਰ ਆਉਣ ਦਾ ਅਸਲ ਮਨੋਰਥ ਗੁਰਮਤਿ ਦੇ ਉਪਦੇਸ਼ਾਂ ਨੂੰ ਜੀਵਨ ਵਿੱਚ ਅਪਣਾਉਣਾ ਅਤੇ ਲੋੜਵੰਦਾਂ ਦੀ ਸੇਵਾ ਕਰਨਾ ਹੈ।

ਭਾਈ ਅਨੰਤਵੀਰ ਸਿੰਘ ਲਾਸ ਏਂਜਲਸ ਵਾਲਿਆਂ ਨੇ ਦੇਰ ਰਾਤ ਤੱਕ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦਿਨ ਕਰਵਾਏ ਗਏ ਅੰਮ੍ਰਿਤ ਸੰਚਾਰ ਦੌਰਾਨ 31 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ, ਜਿਨ੍ਹਾਂ ਦਾ ਸਨਮਾਨ ਵੀ ਕੀਤਾ ਗਿਆ। ਸਮਾਗਮ ਦੀ ਸਮਾਪਤੀ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਅਤੇ ਸ੍ਰੀ ਮੁੱਖਵਾਕ ਦੀ ਸੇਵਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਸਿੰਘ ਭਾਈ ਸਰਵਨ ਸਿੰਘ ਨੇ ਨਿਭਾਈ। ਸੁਸਾਇਟੀ ਵੱਲੋਂ ਕੀਰਤਨੀ ਜਥਿਆਂ, ਕਥਾਵਾਚਕਾਂ, ਬਾਬਾ ਸਤਨਾਮ ਸਿੰਘ ਕਿਲਾ ਅਨੰਦਗੜ੍ਹ ਸਾਹਿਬ, ਪੰਜ ਪਿਆਰਿਆਂ ਅਤੇ ਭਾਈ ਸਰਵਨ ਸਿੰਘ ਦਾ ਸਨਮਾਨ ਕੀਤਾ ਗਿਆ। ਸੁਸਾਇਟੀ ਦੇ ਮੁੱਖ ਸਰਪ੍ਰਸਤ ਭਾਈ ਸਰਬਜੀਤ ਸਿੰਘ ਲੁਧਿਆਣੇ ਵਾਲਿਆਂ ਅਤੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਸੰਗਤਾਂ, ਰਾਗੀ ਜਥਿਆਂ, ਕਥਾਵਾਚਕਾਂ, ਸੰਤ-ਮਹਾਂਪੁਰਸ਼ਾਂ, ਸੇਵਾਦਾਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਸਮਾਗਮ ਸੰਗਤਾਂ ਦੇ ਸਹਿਯੋਗ, ਸੇਵਾਦਾਰਾਂ ਦੀ ਨਿਸ਼ਕਾਮ ਸੇਵਾ ਅਤੇ ਗੁਰੂ ਸਾਹਿਬ ਦੀ ਬਖ਼ਸ਼ਿਸ਼ ਦਾ ਸਾਂਝਾ ਪ੍ਰਤੀਕ ਹੈ। ਸਮਾਗਮ ਵਿੱਚ ਸੰਤ ਬਾਬਾ ਨਛੱਤਰ ਸਿੰਘ, ਵਿਧਾਇਕ ਨਛੱਤਰ ਪਾਲ, ਸਾਬਕਾ ਵਿਧਾਇਕ ਅੰਗਦ ਸਿੰਘ, ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ, ਜਥੇਦਾਰ ਗੁਰਬਖਸ਼ ਸਿੰਘ ਖਾਲਸਾ, ਹੇਮੰਤ ਕੁਮਾਰ ਬੌਬੀ, ਗੁਰਪ੍ਰੀਤ ਕੌਰ ਥਿਆੜਾ, ਕੁਲਵਿੰਦਰ ਸਿੰਘ, ਜਸਪਾਲ ਸਿੰਘ ਜਾਡਲੀ, ਤਰਨਜੀਤ ਸਿੰਘ ਥਾਂਦੀ, ਭਾਈ ਜੋਗਾ ਸਿੰਘ ਢਾਹਾਂ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

ਕਾਰ ਦਾ ਸੰਤੁਲਨ ਵਿਗੜਨ ਨਾਲ ਕਾਰ ਬੈਕਾਬੂ ਹੋ ਕੇ ਡਿਵਾਈਡਰ ਨਾਲ ਟਕਰਾ ਕੇ ਪਲਟ ਗਈ

- ਕਾਰ ਚਾਲਕ ਦਾ ਬਚਾਅ, ਹਾਦਸੇ ਵਿੱਚ ਕਾਰ ਨੁਕਸਾਨੀ ਗਈ



ਪੈ.ਗਾਮ-ਏ-ਜਗਤ
ਨਵਾਂਸ਼ਹਿਰ/ਕਾਠਗੜ੍ਹ
(ਜਤਿੰਦਰ ਪਾਲ ਸਿੰਘ ਕਲੇਰ)

ਰੋਪੜ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਰਾਇਤ ਬਾਹਰਾ ਰੈਲਮਾਜਰਾ ਦੇ ਕੋਲ ਕਾਰ ਦਾ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਕੁਲਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਐਮ ਡੀ ਟੀ ਡਿਵਾਈਸ ਨਵਾਂਸ਼ਹਿਰ ਤੋਂ ਸੂਚਨਾ ਮਿਲੀ ਕਿ ਰਾਇਤ ਬਾਹਰਾ ਕਾਲਜ ਕੋਲ ਐਕਸੀਡੈਂਟ ਹੋਇਆ ਹੈ। ਤਾਂ ਉਹਨਾਂ ਨੇ ਤੁਰੰਤ ਮੌਕੇ ਤੇ ਜਾ ਕੇ ਦੇਖਿਆ ਕਿ ਇੱਕ ਵੈਨਿਊ ਕਾਰ ਨੰਬਰ ਜਿਸ ਦਾ ਨੰਬਰ ਪੀ ਬੀ 20ਐਫ 5544 ਜਿਸ ਨੂੰ ਰਾਮ ਪਾਲ ਪੁੱਤਰ ਵਰਿਆਮ ਸਿੰਘ ਵਾਸੀ ਰੈਲਮਾਜਰਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਚਲਾ ਰਿਹਾ ਸੀ ਜੋ ਰੋਪੜ ਤੋਂ ਬਲਾਚੌਰ ਨੂੰ ਜਾ ਰਹੀ ਸੀ, ਜਦੋਂ ਇਹ ਕਾਰ ਰੈਲਮਾਜਰਾ ਰਾਇਤ ਬਾਹਰਾ ਕਾਲਜ ਦੇ ਨਜ਼ਦੀਕ ਪਹੁੰਚੀ ਤਾਂ ਅਚਾਨਕ ਕਾਰ ਸੰਤੁਲਨ ਵਿਗੜ ਗਿਆ ਜਿਸ ਕਾਰਨ ਕਾਰ ਬੈਕਾਬੂ ਹੋ ਕੇ ਡਿਵਾਈਡਰ ਨਾਲ ਜਾ ਟਕਰਾ ਕੇ ਪਲਟ ਗਈ। ਜਿਸ ਨੂੰ ਨੈਸ਼ਨਲ ਹਾਈਵੇ ਅਥਾਰਟੀ ਦੀ ਰਿਕਵਰੀ ਵੈਨ ਮੰਗਵਾ ਕੇ ਸਿੱਧੀ ਕਰਕੇ ਸਾਇਡ ਤੇ ਕਰਵਾਈਆਂ ਹਾਦਸੇ ਵਿੱਚ ਕਾਰ ਨੁਕਸਾਨੀ ਗਈ ਅਤੇ ਕਾਰ ਚਾਲਕ ਦਾ ਵਾਲ ਵਾਲ ਬਚਾਅ ਹੋ ਗਿਆ ਹਾਦਸੇ ਸਬੰਧੀ ਕੰਟ੍ਰੋਲਰ ਰੂਮ ਨਵਾਂਸ਼ਹਿਰ ਅਤੇ ਆਸਰੋਂ ਚੌਕੀ ਇੰਚਾਰਜ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

ਕਾਠਗੜ੍ਹ ਪੁਲਿਸ ਵਲੋਂ 4 ਗ੍ਰਾਮ ਹੈਰੋਇਨ ਸਮੇਤ ਇੱਕ ਕਾਬੂ



ਪੈ.ਗਾਮ-ਏ-ਜਗਤ/ਨਵਾਂਸ਼ਹਿਰ/ਕਾਠਗੜ੍ਹ
17 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)

ਐਸ.ਐਸ.ਪੀ. ਤੁਸ਼ਾਰ ਗੁਪਤਾ ਦੇ ਦਿਸ਼ਾ-ਨਿਰਦੇਸ਼ਾਂ, ਡੀ.ਐਸ.ਪੀ. ਹੇਮੰਤ ਮਲਹੋਤਰਾ ਅਤੇ ਐਸ.ਐਚ.ਓ. ਕਾਠਗੜ੍ਹ ਇੰਸਪੈਕਟਰ ਕਮਲ ਤਨੇਜਾ ਦੀ ਯੋਗ ਅਗਵਾਈ ਹੇਠ ਕਾਠਗੜ੍ਹ ਪੁਲਿਸ ਨੇ ਨਸ਼ਾ ਤਸਕਰੀ ਵਿਰੁੱਧ ਕਾਰਵਾਈ ਕਰਦਿਆਂ 04 ਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ।

ਪੁਲਿਸ ਟੀਮ ਦੀ ਅਗਵਾਈ ਕਰ ਰਹੇ ਹੌਂਡ ਕਾਂਸਟੇਬਲ ਗੌਰਵ ਸਿੰਘ ਨੇ ਦੱਸਿਆ ਕਿ 16 ਨਵੰਬਰ ਨੂੰ ਸ਼ਾਮ ਕਰੀਬ 06:15 ਵਜੇ ਪੁਲਿਸ ਪਾਰਟੀ ਕਾਠਗੜ੍ਹ ਤੋਂ ਸਿਵਲ ਹਸਪਤਾਲ ਕਾਠਗੜ੍ਹ ਵੱਲ ਜਾ ਰਹੀ ਸੀ ਤਾਂ ਸਾਹਮਣੇ ਆਉਂਦੇ ਇੱਕ ਵਿਅਕਤੀ ਨੇ ਪੁਲਿਸ ਨੂੰ ਦੇਖ ਕੇ ਘਬਰਾ ਕੇ ਆਪਣੇ ਹੱਥ ਵਿੱਚ ਫੜਿਆ ਪਲਾਸਟਿਕ ਦਾ ਲਿਫਾਫਾ ਹੇਠਾਂ ਸੁੱਟ ਦਿੱਤਾ ਪੁਲਿਸ ਨੂੰ ਦੇਖ ਕੇ ਇੱਕ ਦਮ ਪਿੱਛੇ ਵੱਲ ਨੂੰ ਮੁੜਿਆ ਤਾਂ ਸ਼ੱਕ ਦੇ ਆਧਾਰ ਤੇ ਪੁਲਿਸ ਨੇ ਉਸ ਨੂੰ ਕਾਬੂ ਲਿਆ ਅਤੇ ਹੇਠਾਂ ਸੁੱਟੇ ਲਿਫਾਫੇ ਦੀ ਤਲਾਸ਼ੀ ਲਈ ਗਈ ਤਾਂ ਉਸ ਵਿੱਚੋਂ 04 ਗ੍ਰਾਮ ਹੈਰੋਇਨ ਬਰਾਮਦ ਹੋਈ।

ਫੜੇ ਗਏ ਵਿਅਕਤੀ ਦੀ ਪਛਾਣ ਸਾਹਿਲ ਪੁੱਤਰ ਕੁਲਵਿੰਦਰ ਸਿੰਘ ਵਾਸੀ ਨਵਾਂਸ਼ਹਿਰ ਵਜੋਂ ਹੋਈ ਹੈ। ਇਸ ਸਬੰਧੀ ਥਾਣਾ ਕਾਠਗੜ੍ਹ ਵਿਖੇ ਐਨ.ਡੀ.ਪੀ.ਐਸ. ਐਕਟ ਮੁਕੱਦਮਾ ਤਹਿਤ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸਾਰਾਗੜ੍ਹੀ ਦੀ ਮਹਾਨ ਵਿਰਾਸਤ, ਸੈਨਿਕ ਬਹਾਦਰੀ ਅਤੇ ਇਤਿਹਾਸਕ ਮਹੱਤਤਾ ਬਾਰੇ ਵਿਸ਼ੇਸ਼ ਗੱਲਬਾਤ



ਪੈ.ਗਾਮ-ਏ-ਜਗਤ
ਹੁਸ਼ਿਆਰਪੁਰ, (ਦਲਜੀਤ ਅਜਨੋਹਾ)

ਸਾਰਾਗੜ੍ਹੀ ਦੀ ਇਤਿਹਾਸਕ ਲੜਾਈ, ਸਿੱਖ ਸੈਨਿਕਾਂ ਦੀ ਅਦੁੱਤੀ ਬਹਾਦਰੀ, ਕੁਰਬਾਨੀ ਅਤੇ ਭਾਰਤ-ਬ੍ਰਿਟੇਨ ਦੇ ਇਤਿਹਾਸਕ ਸੈਨਿਕ ਸਬੰਧਾਂ ਸਬੰਧੀ ਇੱਕ ਵਿਸ਼ੇਸ਼ ਗੱਲਬਾਤ ਦੌਰਾਨ ਸਾਰਾਗੜ੍ਹੀ ਫਾਊਂਡੇਸ਼ਨ ਦੇ ਸੰਸਥਾਪਕ ਡਾ. ਗੁਰਿੰਦਰ ਪਾਲ ਸਿੰਘ ਜੋਸਨ ਅਤੇ ਇੰਗਲੈਂਡ ਦੀ ਫੀਲਡ ਆਰਮੀ ਦੇ ਡਿਪਟੀ ਕਮਾਂਡਰ ਮੇਜਰ ਜਨਰਲ ਜੌਨ ਕੈਂਡਲ ਨਾਲ ਦਲਜੀਤ ਅਜਨੋਹਾ ਵੱਲੋਂ ਵਿਸ਼ੇਸ਼ ਮੁਲਾਕਾਤ ਕੀਤੀ ਗਈ।

ਇਸ ਗੱਲਬਾਤ ਵਿੱਚ ਸਾਰਾਗੜ੍ਹੀ ਦੀ ਮਹਾਨ ਵਿਰਾਸਤ, ਸਿੱਖ ਸੈਨਿਕਾਂ ਦੀ ਬਹਾਦਰੀ ਅਤੇ ਇਸ ਇਤਿਹਾਸਕ ਘਟਨਾ ਨੂੰ ਵਿਸ਼ਵ ਪੱਧਰ 'ਤੇ ਪਹਿਚਾਣ ਦਿਵਾਉਣ ਦੀ ਮਹੱਤਤਾ ਵਰਗੇ ਅਹਿਮ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਗੱਲਬਾਤ ਦੌਰਾਨ ਸਾਰਾਗੜ੍ਹੀ ਦੀ ਲੜਾਈ ਦੇ ਇਤਿਹਾਸਕ ਪਿਛੋਕੜ ਅਤੇ ਇਸ ਵਿੱਚ 21 ਸਿੱਖ ਸੈਨਿਕਾਂ ਵੱਲੋਂ ਦਿਖਾਈ ਗਈ ਬੇਮਿਸਾਲ ਬਹਾਦਰੀ ਨੂੰ ਵਿਸ਼ੇਸ਼ ਤੌਰ 'ਤੇ ਉਜਾਗਰ ਕੀਤਾ ਗਿਆ। 12 ਸਤੰਬਰ 1897 ਨੂੰ ਸਾਰਾਗੜ੍ਹੀ ਵਿਖੇ 36ਵੀਂ ਸਿੱਖ ਰੈਜੀਮੈਂਟ ਦੇ 21 ਬਹਾਦਰ ਸੈਨਿਕਾਂ ਨੇ ਹਜ਼ਾਰਾਂ ਹਮਲਾਵਰਾਂ ਦਾ ਡਟ ਕੇ ਮੁਕਾਬਲਾ ਕਰਦਿਆਂ ਆਪਣੀ ਜਾਨ ਦੀ ਆਹੂਤੀ ਦਿੱਤੀ ਸੀ। ਇਹ ਲੜਾਈ ਦੁਨੀਆ ਦੇ ਸੈਨਿਕ ਇਤਿਹਾਸ ਵਿੱਚ ਅਦੁੱਤੀ ਬਹਾਦਰੀ, ਫਰਜ਼ ਪ੍ਰਤੀ ਸਮਰਪਣ ਅਤੇ ਆਖਰੀ ਸਾਹ ਤੱਕ ਮੁਕਾਬਲਾ ਕਰਨ ਦੀ ਮਿਸਾਲ ਵਜੋਂ ਦਰਜ ਹੈ।

ਸਾਰਾਗੜ੍ਹੀ ਫਾਊਂਡੇਸ਼ਨ ਦੇ ਸੰਸਥਾਪਕ ਡਾ. ਗੁਰਿੰਦਰ ਪਾਲ ਸਿੰਘ ਜੋਸਨ ਨੇ ਇਸ ਇਤਿਹਾਸਕ ਵਿਰਾਸਤ ਨੂੰ ਸੰਭਾਲਣ, ਨਵੀਂ ਪੀੜ੍ਹੀ ਤੱਕ ਪਹੁੰਚਾਉਣ ਅਤੇ ਸਾਰਾਗੜ੍ਹੀ ਦੇ ਨਾਇਕਾਂ ਦੀਆਂ ਕੁਰਬਾਨੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਚਾਰਿਤ ਕਰਨ ਦੀ ਲੋੜ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸਾਰਾਗੜ੍ਹੀ ਸਿਰਫ਼ ਇੱਕ ਜੰਗ ਦਾ ਨਾਮ ਨਹੀਂ, ਸਗੋਂ ਇਹ ਹਿੰਮਤ, ਵਫ਼ਾਦਾਰੀ, ਅਨੁਸ਼ਾਸਨ ਅਤੇ ਦੇਸ਼ ਪ੍ਰਤੀ ਸਮਰਪਣ ਦੀ ਅਜਿਹੀ ਗਾਥਾ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਣਾ ਦਾ ਸਰੋਤ ਬਣੀ ਰਹੇਗੀ। ਇਸ ਮੌਕੇ ਮੇਜਰ ਜਨਰਲ ਜੌਨ ਕੈਂਡਲ ਨਾਲ ਵੀ ਸੈਨਿਕ ਇਤਿਹਾਸ, ਫੌਜੀ ਅਨੁਸ਼ਾਸਨ, ਭਾਰਤ ਅਤੇ ਬ੍ਰਿਟੇਨ ਵਿਚਕਾਰ ਇਤਿਹਾਸਕ ਸੈਨਿਕ ਸਬੰਧਾਂ ਅਤੇ ਸਾਰਾਗੜ੍ਹੀ ਦੀ ਵਿਸ਼ਵ ਪੱਧਰੀ ਪਹਿਚਾਣ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਸਾਰਾਗੜ੍ਹੀ ਦੀ ਲੜਾਈ ਅੱਜ ਵੀ ਭਾਰਤੀ ਅਤੇ ਬ੍ਰਿਟਿਸ਼ ਸੈਨਿਕ ਇਤਿਹਾਸ ਵਿੱਚ ਇੱਕ ਵਿਸ਼ੇਸ਼ ਸਥਾਨ ਰੱਖਦੀ ਹੈ ਅਤੇ ਇਹ ਦੋਵਾਂ ਦੇਸ਼ਾਂ ਦੀ ਸਾਂਝੀ ਇਤਿਹਾਸਕ ਵਿਰਾਸਤ ਦਾ ਮਹੱਤਵਪੂਰਨ ਹਿੱਸਾ ਹੈ।

ਦਲਜੀਤ ਅਜਨੋਹਾ ਵੱਲੋਂ ਕੀਤੀ ਗਈ ਇਸ ਵਿਸ਼ੇਸ਼ ਗੱਲਬਾਤ ਦਾ ਮੁੱਖ ਉਦੇਸ਼ ਸਾਰਾਗੜ੍ਹੀ ਦੇ ਇਤਿਹਾਸ, ਇਸ ਦੇ ਨਾਇਕਾਂ ਦੀਆਂ ਕੁਰਬਾਨੀਆਂ ਅਤੇ ਸੈਨਿਕ ਵਿਰਾਸਤ ਨਾਲ ਜੁੜੇ ਮਹੱਤਵਪੂਰਨ ਪਹਿਲੂਆਂ ਨੂੰ ਆਮ ਲੋਕਾਂ ਤੱਕ ਪਹੁੰਚਾਉਣਾ ਹੈ। ਅਜਿਹੀਆਂ ਗੱਲਬਾਤਾਂ ਨਾ ਸਿਰਫ਼ ਇਤਿਹਾਸਕ ਜਾਣਕਾਰੀ ਵਿੱਚ ਵਾਧਾ ਕਰਦੀਆਂ ਹਨ, ਸਗੋਂ ਨੌਜਵਾਨ ਪੀੜ੍ਹੀ ਵਿੱਚ ਦੇਸ਼ ਭਗਤੀ, ਹਿੰਮਤ, ਅਨੁਸ਼ਾਸਨ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਵੀ ਪੈਦਾ ਕਰਦੀਆਂ ਹਨ। ਇਹ ਵਿਸ਼ੇਸ਼ ਮੁਲਾਕਾਤ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਯਾਦ ਕਰਨ ਅਤੇ ਉਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਦੁਨੀਆ ਭਰ ਵਿੱਚ ਸਨਮਾਨ ਨਾਲ ਪੇਸ਼ ਕਰਨ ਵੱਲ ਇੱਕ ਮਹੱਤਵਪੂਰਨ ਉਪਰਾਲਾ ਹੈ।

ਵਿਕਰਮ ਸਿੰਘ ਰੋੜੀ ਨੂੰ ਸਬ-ਇੰਸਪੈਕਟਰ ਤੋਂ ਤਰੱਕੀ ਦੇ ਕੇ ਇੰਸਪੈਕਟਰ ਬਣਾਇਆ, ਐਸ.ਐਸ.ਪੀ. ਨੇ ਸਟਾਰ ਲਗਾ ਕੇ ਦਿੱਤੀ ਵਧਾਈ



ਪੈ.ਗਾਮ-ਏ-ਜਗਤ
ਨਵਾਂਸ਼ਹਿਰ, 17 ਨਵੰਬਰ (ਜਤਿੰਦਰਪਾਲ ਸਿੰਘ ਕਲੇਰ)

ਜ਼ਿਲ੍ਹਾ ਪੁਲਿਸ ਵਿੱਚ ਸੇਵਾ ਨਿਭਾ ਰਹੇ ਸਬ-ਇੰਸਪੈਕਟਰ ਵਿਕਰਮ ਸਿੰਘ ਰੋੜੀ ਨੂੰ ਤਰੱਕੀ ਦੇ ਕੇ ਇੰਸਪੈਕਟਰ ਬਣਾਇਆ ਗਿਆ ਹੈ। ਇਸ ਮੌਕੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸੀਨੀਅਰ ਕਪਤਾਨ ਪੁਲਿਸ ਤੁਸ਼ਾਰ ਗੁਪਤਾ ਨੇ ਉਨ੍ਹਾਂ ਦੇ ਮੋਢੇ ਤੇ ਇੰਸਪੈਕਟਰ ਦਾ ਸਟਾਰ ਲਗਾ ਕੇ ਵਧਾਈ ਦਿੱਤੀ।

ਇਸ ਮੌਕੇ ਐਸ.ਐਸ.ਪੀ. ਤੁਸ਼ਾਰ ਗੁਪਤਾ ਨੇ ਕਿਹਾ ਕਿ ਤਰੱਕੀ ਨਾਲ ਜ਼ਿੰਮੇਵਾਰੀ ਵੀ ਵੱਧ ਜਾਂਦੀ ਹੈ। ਉਨ੍ਹਾਂ ਵਿਕਰਮ ਸਿੰਘ ਰੋੜੀ ਨੂੰ ਇਮਾਨਦਾਰੀ, ਮਿਹਨਤ ਅਤੇ ਲੋਕ-ਹਿੱਤ ਨੂੰ ਪਹਿਲ ਦੇ ਕੇ ਡਿਊਟੀ ਨਿਭਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਪੁਲਿਸ ਦਾ ਮੁੱਖ ਮਕਸਦ ਲੋਕਾਂ ਦੀ ਸੁਰੱਖਿਆ ਅਤੇ ਅਮਨ-ਕਾਨੂੰਨ ਦੀ ਸਥਾਪਤੀ ਹੈ, ਇਸ ਲਈ ਹਰ ਅਧਿਕਾਰੀ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ। ਇਸ ਮੌਕੇ ਵਿਕਰਮ ਸਿੰਘ ਰੋੜੀ ਨੇ ਐਸ.ਐਸ.ਪੀ. ਅਤੇ ਸੀਨੀਅਰ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣਗੇ।

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਫੁੱਟਬਾਲ ਕਲੱਬ ਵਲੋਂ ਗੜ੍ਹਸ਼ੰਕਰ ਵਿਖੇ 17ਵਾਂ ਟੂਰਨਾਮੈਂਟ ਆਰੰਭ

ਪੈ.ਗਾਮ-ਏ-ਜਗਤ
ਗੜ੍ਹਸ਼ੰਕਰ 17 ਨਵੰਬਰ (ਹਰੀ ਕ੍ਰਿਸ਼ਨ ਗੰਗੜ)

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਫੁੱਟਬਾਲ ਕਲੱਬ ਗੜ੍ਹਸ਼ੰਕਰ ਵਲੋਂ 17 ਤੋਂ 21 ਨਵੰਬਰ ਤੱਕ ਕਰਵਾਇਆ ਜਾ ਰਿਹਾ 17ਵਾਂ ਫੁੱਟਬਾਲ ਟੂਰਨਾਮੈਂਟ ਅਤੇ ਇੰਟਰਸਟੇਟ ਅਥਲੈਟਿਕ ਮੀਟ ਅੱਜ ਓਲੰਪੀਅਨ ਸ. ਜਰਨੈਲ ਸਿੰਘ ਸਟੇਡੀਅਮ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੀ ਗਰਾਂਉਡ ਵਿਖੇ ਸ਼ਾਨੋ ਸ਼ੌਕਤ ਨਾਲ ਅਰੰਭ

ਸ਼ੈਲਬੀ ਹਸਪਤਾਲ ਨੇ ਮੋਹਾਲੀ ਵਿੱਚ ਮਿਰਗੀ ਸਬੰਧੀ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ

ਮੋਹਾਲੀ, 17 ਨਵੰਬਰ (ਪੈ.ਗਾਮ-ਏ-ਜਗਤ)

ਸ਼ੈਲਬੀ ਹਸਪਤਾਲ, ਮੋਹਾਲੀ ਨੇ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ, ਮੋਹਾਲੀ ਅਤੇ ਵੱਖ-ਵੱਖ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਮੰਗਲਵਾਰ ਨੂੰ ਮਿਰਗੀ ਪ੍ਰਤੀ ਜਾਗਰੂਕਤਾ ਵਧਾਉਣ ਲਈ ਇੱਕ ਹਫ਼ਤੇ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਮੁਹਿੰਮ ਦਾ ਉਦੇਸ਼ ਲੋਕਾਂ ਨੂੰ ਮਿਰਗੀ ਦੀ ਬਿਮਾਰੀ, ਦੌਰਾ ਪੈਣ ਦੀ ਸਥਿਤੀ ਵਿੱਚ ਦਿੱਤੀ ਜਾਣ ਵਾਲੀ ਮੁੱਢਲੀ ਸਹਾਇਤਾ ਅਤੇ ਸਮੇਂ ਸਿਰ ਨਿਊਰੋਲੋਜੀਕਲ ਇਲਾਜ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ।



ਇਸ ਮੁਹਿੰਮ ਦੌਰਾਨ ਮਿਰਗੀ ਦੇ ਲੱਛਣਾਂ, ਦੌਰਾ ਪੈਣ ਸਮੇਂ ਮੁੱਢਲੀ ਸਹਾਇਤਾ, ਡਾਕਟਰ ਵੱਲੋਂ ਦੱਸੀਆਂ ਦਵਾਈਆਂ ਨਿਯਮਿਤ ਤੌਰ 'ਤੇ ਲੈਣ, ਘਰ ਅਤੇ ਸਕੂਲ ਵਿੱਚ ਮਰੀਜ਼ਾਂ ਦੀ ਸੁਰੱਖਿਆ ਅਤੇ ਗੈਰ-ਪ੍ਰਮਾਣਿਤ ਘਰੇਲੂ ਇਲਾਜਾਂ ਦੀ ਬਜਾਏ ਯੋਗ ਨਿਊਰੋਲੋਜਿਸਟ ਨਾਲ ਸਲਾਹ ਕਰਨ ਦੀ ਮਹੱਤਤਾ ਬਾਰੇ ਜਾਗਰੂਕਤਾ ਸੈਸ਼ਨ ਕਰਵਾਏ ਜਾਣਗੇ। ਇਸ ਪਹਿਲ ਦਾ ਉਦੇਸ਼ ਮਿਰਗੀ ਨਾਲ ਜੁੜੀਆਂ ਗਲਤ ਧਾਰਨਾਵਾਂ ਅਤੇ ਸਮਾਜਿਕ ਝਿਜਕ ਨੂੰ ਦੂਰ ਕਰਨਾ, ਬਿਮਾਰੀ ਦੀ ਸਮੇਂ ਸਿਰ ਪਛਾਣ ਨੂੰ ਉਤਸ਼ਾਹਿਤ ਕਰਨਾ ਅਤੇ ਇਸ ਬਿਮਾਰੀ ਤੋਂ ਪੀੜਤ ਲੋਕਾਂ ਨੂੰ ਨਿਰੰਤਰ ਇਲਾਜ, ਢੁੱਕਵੀਂ ਡਾਕਟਰੀ ਦੇਖਭਾਲ ਅਤੇ ਸਮਾਜਿਕ ਸਹਿਯੋਗ ਪ੍ਰਦਾਨ ਕਰਨ ਬਾਰੇ ਜਾਗਰੂਕਤਾ ਵਧਾਉਣਾ ਹੈ।

ਸੀਨੀਅਰ ਕੰਸਲਟੈਂਟ - ਨਿਊਰੋਲੋਜੀ ਡਾ. ਹਰਪ੍ਰੀਤ ਕੌਰ ਨੇ ਦੱਸਿਆ ਕਿ ਮਿਰਗੀ ਦੇ ਦੌਰੇ ਵੱਖ-ਵੱਖ ਰੂਪਾਂ ਵਿੱਚ ਸਾਹਮਣੇ ਆ ਸਕਦੇ ਹਨ ਅਤੇ ਇਹ ਜ਼ਰੂਰੀ ਨਹੀਂ ਕਿ ਹਰ ਵਾਰ ਦੌਰੇ ਦੌਰਾਨ ਸਰੀਰ ਵਿੱਚ ਝਟਕੇ ਲੱਗਣ ਜਾਂ ਆਕੜ ਪੈਣ ਵਰਗੇ ਲੱਛਣ ਹੀ ਦਿਖਾਈ ਦੇਣ। ਉਨ੍ਹਾਂ ਕਿਹਾ, "ਮਿਰਗੀ ਦਾ ਦੌਰਾ ਪੈਣ ਦੌਰਾਨ ਵਿਅਕਤੀ ਅਚਾਨਕ ਬੇਹੋਸ਼ ਹੋ ਸਕਦਾ ਹੈ, ਇੱਕੋ ਥਾਂ ਵੱਲ ਲਗਾਤਾਰ ਦੇਖਣ ਲੱਗ ਸਕਦਾ ਹੈ, ਉਸ ਦੇ ਹੱਥਾਂ-ਪੈਰਾਂ ਵਿੱਚ ਝਟਕੇ ਲੱਗ ਸਕਦੇ ਹਨ, ਉਹ ਉਲਝਣ ਦੀ ਸਥਿਤੀ ਵਿੱਚ ਜਾ ਸਕਦਾ ਹੈ ਜਾਂ ਕੁਝ ਸਮੇਂ ਲਈ ਜਵਾਬ ਦੇਣਾ ਬੰਦ ਕਰ ਸਕਦਾ ਹੈ। ਇਨ੍ਹਾਂ ਲੱਛਣਾਂ ਦੀ ਪਛਾਣ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਸਮੇਂ ਸਿਰ ਡਾਕਟਰੀ ਜਾਂਚ ਨਾਲ ਬਿਮਾਰੀ ਦੀ ਪਛਾਣ ਅਤੇ ਢੁੱਕਵਾਂ ਇਲਾਜ ਸ਼ੁਰੂ ਕਰਨ ਵਿੱਚ ਮਦਦ ਮਿਲਦੀ ਹੈ।

ਦੌਰਾ ਪੈਣ ਦੀ ਸਥਿਤੀ ਵਿੱਚ ਤੁਰੰਤ ਅਤੇ ਸਹੀ ਮੁੱਢਲੀ ਸਹਾਇਤਾ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਡਾ. ਕੌਰ ਨੇ ਪਰਿਵਾਰਕ ਮੈਂਬਰਾਂ ਅਤੇ ਆਸ-ਪਾਸ ਮੌਜੂਦ ਲੋਕਾਂ ਨੂੰ ਸ਼ਾਂਤ ਰਹਿਣ ਅਤੇ ਮਰੀਜ਼ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਸਲਾਹ ਦਿੱਤੀ।

ਉਨ੍ਹਾਂ ਕਿਹਾ, "ਦੌਰਾ ਪੈਣ ਸਮੇਂ ਮਰੀਜ਼ ਦੇ ਆਲੇ-ਦੁਆਲੇ ਪਈਆਂ ਨੁਕੀਲੀਆਂ ਜਾਂ ਖ਼ਤਰਨਾਕ ਚੀਜ਼ਾਂ ਨੂੰ ਹਟਾ ਦੇਣਾ ਚਾਹੀਦਾ ਹੈ, ਉਸ ਦੇ ਸਿਰ ਹੇਠਾਂ ਕੋਈ ਨਰਮ ਚੀਜ਼ ਰੱਖਣੀ ਚਾਹੀਦੀ ਹੈ ਅਤੇ ਜਦੋਂ ਸਥਿਤੀ ਸੁਰੱਖਿਅਤ ਹੋਵੇ ਤਾਂ ਉਸ ਨੂੰ ਕਰਵਟ ਦੇਣੀ ਚਾਹੀਦੀ ਹੈ।

ਸ਼ੈਲਬੀ ਹਸਪਤਾਲ ਦੇ ਸੀਨੀਅਰ ਕੰਸਲਟੈਂਟ - ਨਿਊਰੋਸਰਜਰੀ ਡਾ. ਰਾਕੇਸ਼ ਰੌਂਡੂ ਨੇ ਕਿਹਾ ਕਿ ਮਿਰਗੀ ਇੱਕ ਇਲਾਜਯੋਗ ਨਿਊਰੋਲੋਜੀਕਲ ਬਿਮਾਰੀ ਹੈ, ਪਰ ਇਸ ਦੀ ਪਛਾਣ ਵਿੱਚ ਦੇਰੀ, ਦਵਾਈਆਂ ਦੀ ਬੇਨਿਯਮ ਵਰਤੋਂ ਅਤੇ ਇਸ ਨਾਲ ਜੁੜਿਆ ਸਮਾਜਿਕ ਕਲੰਕ ਅੱਜ ਵੀ ਕਈ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਚੁਣੌਤੀ ਬਣੇ ਹੋਏ ਹਨ।

ਉਨ੍ਹਾਂ ਕਿਹਾ ਕਿ ਸਮੇਂ ਸਿਰ ਬਿਮਾਰੀ ਦੀ ਪਛਾਣ, ਢੁੱਕਵਾਂ ਡਾਕਟਰੀ ਇਲਾਜ ਅਤੇ ਨਿਯਮਿਤ ਫਾਲੋ-ਅੱਪ ਰਾਹੀਂ ਮਿਰਗੀ ਤੋਂ ਪੀੜਤ ਬਹੁਤ ਸਾਰੇ ਲੋਕ ਬਿਹਤਰ ਅਤੇ ਆਮ ਜੀਵਨ ਬਤੀਤ ਕਰ ਸਕਦੇ ਹਨ। ਹਾਲਾਂਕਿ, ਡਾਕਟਰ ਦੀ ਸਲਾਹ ਤੋਂ ਬਿਨਾਂ ਦਵਾਈਆਂ ਬੰਦ ਕਰਨਾ ਜਾਂ ਗੈਰ-ਪ੍ਰਮਾਣਿਤ ਇਲਾਜਾਂ 'ਤੇ ਨਿਰਭਰ ਰਹਿਣਾ ਬਿਮਾਰੀ ਨੂੰ ਕੰਟਰੋਲ ਕਰਨ ਵਿੱਚ ਰੁਕਾਵਟ ਬਣ ਸਕਦਾ ਹੈ।

ਤਰਕਸ਼ੀਲ ਸੁਸਾਇਟੀ ਦੀ ਪਟਿਆਲਾ ਇਕਾਈ ਨੇ ਲੋਕਾਂ ਵਿਚ ਵੱਧ ਰਹੇ ਅੰਧਵਿਸ਼ਵਾਸਾਂ ਬਾਰੇ ਚਿੰਤਾ ਜਤਾਈ

ਪਟਿਆਲਾ, 17 ਨਵੰਬਰ (ਪੈ.ਗਾਮ-ਏ-ਜਗਤ)

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਪਟਿਆਲਾ ਇਕਾਈ ਦੀ ਇਕ ਅਹਿਮ ਮੀਟਿੰਗ ਬੰਗ ਮੀਡੀਆ ਕੰਪਲੈਕਸ ਵਿੱਚ ਹੋਈ।



ਜਿਸ ਦੀ ਪ੍ਰਧਾਨਗੀ ਇਕਾਈ ਦੇ ਵਿੱਤ ਵਿਭਾਗ ਮੁਖੀ ਸ੍ਰੀ ਸ਼ਤੀਸ਼ ਕੁਮਾਰ ਆਲੋਵਾਲ ਨੇ ਕੀਤੀ ਅਤੇ ਇਕਾਈ ਦੇ ਮੀਡੀਆ ਮੁਖੀ ਜਾਗਨ ਸਿੰਘ ਨੇ ਮੀਟਿੰਗ ਵਿੱਚ ਵਿਚਾਰੇ ਗਏ ਅਹਿਮ ਮੁੱਦਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸਮਾਜ ਵਿਚ ਦਿਨ -ਬ -ਦਿਨ ਅੰਧਵਿਸ਼ਵਾਸ ਵੱਧ ਰਹੇ ਹਨ ਜਿਸ ਦੀ ਸਹੀ ਨਿਸ਼ਾਨਦੇਹੀ ਕਰਕੇ ਉਸ ਦਾ ਸਹੀ ਹੱਲ ਸੁਸਾਇਟੀ ਨੂੰ ਪੇਸ਼ ਕਰਨਾ ਚਾਹੀਦਾ ਹੈ। ਮੀਟਿੰਗ ਵਿਚ ਤਰਕਸ਼ੀਲ ਆਗੂਆਂ ਨੇ ਕਿਹਾ ਕਿ ਜਦੋਂ ਵੀ ਧਾਰਮਿਕ ਕੱਟੜਵਾਦ ਵੱਧਦਾ ਹੈ ਲੋਕ ਬਹੁਤ ਸਾਰੇ ਕਰਮਕਾਂਡ ਕਰਨ ਲੱਗਦੇ ਹਨ ਤੇ ਜਿਸ ਨਾਲ ਕਿਸੇ ਵੀ ਸਮਾਜ ਦਾ ਭਵਿੱਖ ਤਬਾਹ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਵਿਚ ਵਿਗਿਆਨਕ ਸੋਚ ਵਿਕਸਤ ਕਰਨ ਲਈ ਵੀ ਉਪਰਾਲੇ ਕਰਨ ਦੀ ਬੇਹੱਦ ਲੋੜ ਹੈ। ਉਨ੍ਹਾਂ ਪਟਿਆਲਾ ਦੇ ਸਕੂਲਾਂ ਵਿਚ ਇਮਤਿਹਾਨਾਂ ਤੋਂ ਬਾਅਦ ਵਿਦਿਆਰਥੀ ਪਰਖ਼ ਪ੍ਰਿਖਿਆ ਲੈਣ ਦੀ ਮੁਹਿੰਮ ਸ਼ੁਰੂ ਕਰਨ ਲਈ ਵੀ ਨਵਾਂ ਪ੍ਰੋਗਰਾਮ ਉਲੀਕਿਆ ਹੈ। ਇਸ ਮੌਕੇ ਪਟਿਆਲਾ ਜੋਨ ਦੀ ਜਥੇਬੰਦ ਆਗੂ ਬੀਬੀ ਕੁਲਵੰਤ ਕੌਰ ਨੇ ਤਰਕਸ਼ੀਲ ਮੈਗਜੀਨ ਅਤੇ ਹਿੰਦੀ ਦਾ ਤਰਕਸੀਲ ਪੱਥ ਦੇ ਨਵੰਬਰ ਦਸੰਬਰ ਅੰਕ ਪਾਠਕਾਂ ਨੂੰ ਪੱਜਦਾ ਕਰਨ ਹਿੱਤ ਮੈਂਬਰਾਂ ਨੂੰ ਵੰਡੇ। ਇਸ ਮੀਟਿੰਗ ਵਿੱਚ ਤਰਕਸ਼ੀਲ ਮੈਂਬਰ ਸ੍ਰੀ ਰਾਮ ਸਿੰਘ ਬੰਗ, ਰਾਮ ਕੁਮਾਰ ਢੱਕੜਬਾ, ਪ੍ਰੋਫੈਸਰ ਪੂਰਨ ਸਿੰਘ, ਤਰਸੇਮ ਲਾਲ, ਥਾਨ ਸਿੰਘ ਜੇ,ਈ, ਗੁਰਬਚਨ ਸਿੰਘ, ਪਵਨ ਸਿੰਘ ਨੇ ਵੀ ਸ਼ਮੂਲੀਅਤ ਕੀਤੀ। ਇਸ ਇਕੱਤਰਤਾ ਵਿੱਚ ਸੁਸਾਇਟੀ ਦਾ ਘੇਰਾ ਹੋਰ ਵਿਕਸਤ ਕਰਨ ਲਈ ਸਾਰੇ ਮੈਂਬਰਾਂ ਨੇ ਆਪਣੇ ਆਪਣੇ ਸੁਝਾਅ ਦਿੱਤੇ।

ਪਟਿਆਲਾ ਪੁਲਿਸ ਵੱਲੋਂ ਬੱਬੀ ਮਾਹੀ ਗਿਰੋਹ ਦੇ 2 ਸ਼ੂਟਰ ਮੁਕਾਬਲੇ ਵਿੱਚ ਜ਼ਖ਼ਮੀਂ, ਹਸਪਤਾਲ ਦਾਖ਼ਲ

ਪੈ.ਗਾਮ-ਏ-ਜਗਤ/ਪਟਿਆਲਾ
17 ਨਵੰਬਰ (ਪਰਮਜੀਤ ਸਿੰਘ ਪਰਵਾਨਾ)

ਪਟਿਆਲਾ ਪੁਲਿਸ ਨੇ ਸਥਾਨਕ ਪ੍ਰਾਪਰਟੀ ਡੀਲਰ 'ਤੇ ਹੋਏ ਹਮਲੇ ਵਿੱਚ ਸ਼ਾਮਲ ਦੋ ਹੋਰ ਹਮਲਾਵਰਾਂ ਨੂੰ ਅੱਜ ਇੱਕ ਮੁਕਾਬਲੇ ਦੌਰਾਨ ਜ਼ਖ਼ਮੀਂ ਹੋਣ ਤੋਂ ਬਾਅਦ ਕਾਬੂ ਕਰ ਲਿਆ। ਇਹ ਗੈਂਗਸਟਰ ਵਿਦੇਸ਼ ਵਿੱਚ ਬੈਠੇ ਬੱਬੀ ਮਾਹੀ ਦੇ ਸਾਥੀ ਦੱਸੇ ਜਾਂਦੇ ਹਨ।

ਦੋ ਪਿਸਤੌਲ ਤੇ ਕਾਰਤੂਸ ਬਰਾਮਦ



ਐਸ ਐਸ ਪੀ ਪਟਿਆਲਾ ਹਰਮਨਦੀਪ ਸਿੰਘ ਹਾਂਸ ਨੇ ਦੱਸਿਆ ਕਿ ਪ੍ਰਾਪਰਟੀ ਡੀਲਰ ਸੁਖਵਿੰਦਰ ਸਿੰਘ ਗਾਰੂ 'ਤੇ ਹਮਲੇ ਸਮੇਂ ਤਿੰਨ ਹਮਲਾਵਰਾਂ 'ਚੋਂ ਇੱਕ ਯੁਗੇਸ਼ ਨੇਗੀ ਵਾਸੀ ਗਰਿਡ ਕਲੋਨੀ ਪਟਿਆਲਾ ਜ਼ਖਮੀ ਹੋ ਗਿਆ ਸੀ ਜਿਸਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਹੋਰ ਦੱਸਿਆ ਕਿ ਪੁਲਿਸ ਨੂੰ ਅੱਜ ਗੁਪਤ ਸੂਚਨਾ ਮਿਲੀ ਕਿ ਫਾਇਰਿੰਗ ਦੀ ਵਾਰਦਾਤ ਵਿੱਚ ਸ਼ਾਮਲ ਦੂਜੇ ਦੋ ਦੋਸ਼ੀ ਸੰਨੀ ਤੇ ਅਸ਼ਵਨੀ ਕੁਮਾਰ (ਦੋਵੇਂ ਪਟਿਆਲਾ ਦੇ ਰਹਿਣ ਵਾਲੇ) ਮੋਟਰਸਾਇਕਲ 'ਤੇ ਸਵਾਰ ਹੋ ਪਟਿਆਲਾ ਸੰਗਰੂਰ ਬਾਈਪਾਸ 'ਤੇ ਪਿੰਡ ਡਕਾਲਾ- ਤਰੈਂ ਨੇੜੇ ਘੁੰਮ ਰਹੇ ਹਨ। ਪੁਲਿਸ ਪਾਰਟੀ ਨੇ ਨਾਕਾਬੰਦੀ ਕੀਤੀ, ਨਾਕੇ 'ਤੇ ਇਨ੍ਹਾਂ ਦੋਸ਼ੀਆਂ ਨੂੰ ਜਦੋਂ ਰੁਕਣ ਦਾ ਇਸ਼ਾਰਾ ਕੀਤਾ ਤਾਂ ਦੋਵਾਂ ਨੇ ਆਪਣੇ ਪਿਸਤੌਲਾਂ ਨਾਲ ਫਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ। ਪੁਲਿਸ ਪਾਰਟੀ ਨੇ ਆਪਣੇ ਬਚਾਅ ਲਈ ਫਾਇਰ ਕੀਤੇ ਤਾਂ ਜਿਸ ਵਿੱਚ ਦੋਸੀਆਨ ਸੰਨੀ ਅਤੇ ਅਸ਼ਵਨੀ ਜ਼ਖਮੀ ਹੋ ਗਏ ਜਿਨ੍ਹਾਂ ਨੂੰ ਇਲਾਜ ਲਈ ਰਜਿੰਦਰਾ ਹਸਪਤਾਲ ਦਾਖਲ ਕਰਵਾਇਆ ਗਿਆ।

ਮੌਕੇ ਤੋਂ ਦੋ ਪਿਸਤੌਲ, ਕੁਝ ਜ਼ਿੰਦਾ ਕਾਰਤੂਸ ਤੇ ਖੋਲ ਬਰਾਮਦ ਕੀਤੇ ਗਏ ਹਨ। ਐਸ ਐਸ ਪੀ ਹਰਮਨਦੀਪ ਸਿੰਘ ਹਾਂਸ ਨੇ ਹੋਰ ਦੱਸਿਆ ਕਿ ਦੋਵੇਂ ਜ਼ਖਮੀਆਂ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਦਾਖਲ ਕਰਾਇਆ ਗਿਆ ਹੈ। ਇਸ ਕਾਰਵਾਈ ਸਬੰਧੀ ਥਾਣਾ ਪਸਿਆਣਾ ਵਿਖੇ ਵੱਖਰੇ ਤੌਰ 'ਤੇ ਮੁਕੱਦਮਾ ਦਰਜ ਕਰਵਾਇਆ ਗਿਆ ਹੈ। ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

ਮਾਤਾ ਮਨਸਾ ਦੇਵੀ ਸੇਵਾ ਦਲ ਵੱਲੋਂ 23 ਨਵੰਬਰ ਨੂੰ ਵਿਸ਼ਾਲ ਭੰਡਾਰੇ ਅਤੇ ਸ਼ਾਨਦਾਰ ਧਾਰਮਿਕ ਸਮਾਗਮ ਦਾ ਆਯੋਜਨ





ਚੰਡੀਗੜ੍ਹ, 17 ਨਵੰਬਰ (ਪੈ.ਗਾਮ-ਏ-ਜਗਤ)

ਸ੍ਰੀ ਮਾਤਾ ਮਨਸਾ ਦੇਵੀ ਸੇਵਾ ਦਲ, ਗੋਵਿੰਦ ਵਿਹਾਰ, ਬਲਟਾਨਾ ਦੀ ਮੀਟਿੰਗ ਹੋਈ। ਮੰਡਲ ਪ੍ਰਧਾਨ ਸ੍ਰੀ ਪ੍ਰਵੀਨ ਮਿੱਤਲ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮੰਡਲ ਵੱਲੋਂ ਮਾਤਾ ਰਾਣੀ ਦਾ ਵਿਸ਼ਾਲ ਭੰਡਾਰਾ ਅਤੇ ਸ਼ਾਨਦਾਰ ਧਾਰਮਿਕ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ 23 ਨਵੰਬਰ, ਦਿਨ ਸੋਮਵਾਰ ਨੂੰ ਸ਼ਾਮ 4 ਵਜੇ ਮਾਤਾ ਰਾਣੀ ਦੀ ਜੋਤ ਮਾਤਾ ਮਨਸਾ ਦੇਵੀ ਮੰਦਰ ਤੋਂ ਲਿਆਂਦੀ ਜਾਵੇਗੀ। ਇਸ ਤੋਂ ਬਾਅਦ ਸ਼ਾਮ 7 ਵਜੇ ਭੰਡਾਰਾ ਸ਼ੁਰੂ ਹੋਵੇਗਾ ਅਤੇ ਰਾਤ 8:30 ਵਜੇ ਮਾਤਾ ਰਾਣੀ ਦੀ ਜੋਤ ਪ੍ਰਚੰਡ ਕੀਤੀ ਜਾਵੇਗੀ। ਇਸ ਉਪਰੰਤ ਕਵੀ ਕਮਲ ਕਿਸ਼ੋਰ ਪਾਰਟੀ ਵੱਲੋਂ ਸਾਰੀ ਰਾਤ ਮਾਤਾ ਰਾਣੀ ਦਾ ਗੁਣਗਾਨ ਕੀਤਾ ਜਾਵੇਗਾ। ਇਸ ਮੌਕੇ ਮਾਤਾ ਰਾਣੀ ਦਾ ਸ਼ਾਨਦਾਰ ਦਰਬਾਰ ਵੀ ਸਜਾਇਆ ਜਾਵੇਗਾ।

ਆਰਸੈਟੀ ਊਨਾ ਵਿਖੇ ਮੁਫ਼ਤ ਸਿਲਾਈ ਸਿਖਲਾਈ 19 ਨਵੰਬਰ ਤੋਂ ਹੋਵੇਗੀ ਸ਼ੁਰੂ

ਊਨਾ, 17 ਨਵੰਬਰ (ਪੈ.ਗਾਮ-ਏ-ਜਗਤ)

ਪੰਜਾਬ ਨੈਸ਼ਨਲ ਬੈਂਕ ਪੇਂਡੂ ਸਵੈ-ਰੋਜ਼ਗਾਰ ਸਿਖਲਾਈ ਸੰਸਥਾ (ਆਰਸੈਟੀ), ਊਨਾ ਵੱਲੋਂ 19 ਨਵੰਬਰ ਤੋਂ ਮੁਫ਼ਤ ਸਿਲਾਈ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤਾ ਜਾਵੇਗਾ। ਸੰਸਥਾ ਦੇ ਡਾਇਰੈਕਟਰ ਵਿਜੇ ਸਿੰਘ ਨੇ ਦੱਸਿਆ ਕਿ ਸਿਖਲਾਈ ਦੌਰਾਨ ਸਿਖਿਆਰਥੀਆਂ ਨੂੰ ਰਹਿਣ ਅਤੇ ਖਾਣੇ ਦੀ ਸਹੂਲਤ ਦੇ ਨਾਲ-ਨਾਲ ਸਿਲਾਈ ਨਾਲ ਸਬੰਧਤ ਲੋੜੀਂਦੀ ਸਮੱਗਰੀ ਵੀ ਮੁਫ਼ਤ ਮੁਹੱਈਆ ਕਰਵਾਈ ਜਾਵੇਗੀ। ਸਿਖਲਾਈ ਪੂਰੀ ਹੋਣ ਉਪਰੰਤ ਸਿਖਿਆਰਥੀਆਂ ਨੂੰ ਮਾਨਤਾ ਪ੍ਰਾਪਤ ਸਰਕਾਰੀ ਸਰਟੀਫਿਕੇਟ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਿਖਲਾਈ ਲਈ ਜ਼ਿਲ੍ਹਾ ਊਨਾ ਦੇ 18 ਤੋਂ 50 ਸਾਲ ਉਮਰ ਵਰਗ ਦੇ ਪੱਕੇ ਵਸਨੀਕ ਅਪਲਾਈ ਕਰ ਸਕਦੇ ਹਨ। ਚਾਹਵਾਨ ਉਮੀਦਵਾਰ 18 ਨਵੰਬਰ ਤੱਕ ਆਧਾਰ ਕਾਰਡ ਅਤੇ ਰਾਸ਼ਨ ਕਾਰਡ ਦੀਆਂ ਫੋਟੋ ਕਾਪੀਆਂ ਅਤੇ ਤਿੰਨ ਪਾਸਪੋਰਟ ਆਕਾਰ ਦੀਆਂ ਫੋਟੋਆਂ ਸਮੇਤ ਪੀਐਨਬੀ ਆਰਸੈਟੀ ਦਫ਼ਤਰ, ਆਰਟੀਓ ਦਫ਼ਤਰ ਦੇ ਨੇੜੇ ਰਾਮਪੁਰ (ਊਨਾ) ਵਿਖੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਹੋਰ ਜਾਣਕਾਰੀ ਲਈ 9736481976 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਹਰ ਬੂਥ 'ਤੇ ਤਾਇਨਾਤ ਹੋਣਗੇ 'ਵੋਟ ਰੱਖਿਅਕ', ਲੋਕਤੰਤਰ ਅਤੇ ਸੰਵਿਧਾਨ ਦੀ ਰਾਖੀ ਲਈ ਕਾਂਗਰਸ ਵਚਨਬੱਧ: ਰਾਓ ਨਰਿੰਦਰ ਸਿੰਘ

ਪੈ.ਗਾਮ-ਏ-ਜਗਤ
ਕਰਨਾਲ (ਪ੍ਰਵੀਨ ਵਾਲੀਆ)

ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ 'ਵੋਟ ਬਚਾਓ-ਦੇਸ਼ ਬਚਾਓ' ਮੁਹਿੰਮ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਲਈ ਕਰਨਾਲ ਦੇ ਜਾਟ ਭਵਨ ਵਿਖੇ ਅਹਿਮ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਸੂਬਾ ਕਾਂਗਰਸ ਪ੍ਰਧਾਨ ਰਾਓ ਨਰਿੰਦਰ ਸਿੰਘ ਨੇ ਕੀਤੀ, ਜਦਕਿ ਸੂਬਾ ਇੰਚਾਰਜ ਸੈਜੇ ਦੱਤ ਅਤੇ ਸਹਿ-ਇੰਚਾਰਜ ਜਤਿੰਦਰ ਬਘੇਲ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਜ਼ਿਲ੍ਹਾ ਕਾਂਗਰਸ ਕਮੇਟੀਆਂ ਦੇ ਪ੍ਰਧਾਨਾਂ ਅਤੇ ਵੱਖ-ਵੱਖ ਵਿੰਗਾਂ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ।



ਰਾਓ ਨਰਿੰਦਰ ਸਿੰਘ ਨੇ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰ ਯੋਗ ਨਾਗਰਿਕ ਦੀ ਵੋਟ ਸੁਰੱਖਿਅਤ ਰਹਿਣੀ ਜ਼ਰੂਰੀ ਹੈ। ਉਨ੍ਹਾਂ ਐਲਾਨ ਕੀਤਾ ਕਿ ਲੋਕਾਂ ਦੇ ਵੋਟ ਦੇ ਅਧਿਕਾਰ ਦੀ ਰਾਖੀ ਲਈ ਕਾਂਗਰਸ ਦੀ 'ਫੌਜ' ਹਰ ਬੂਥ 'ਤੇ ਮੌਜੂਦ ਰਹੇਗੀ ਅਤੇ ਕਿਸੇ ਵੀ ਯੋਗ ਵੋਟਰ ਦਾ ਨਾਮ ਗਲਤ ਢੰਗ ਨਾਲ ਵੋਟਰ ਸੂਚੀ ਵਿੱਚੋਂ ਹਟਾਏ ਜਾਣ ਵਿਰੁੱਧ ਆਵਾਜ਼ ਉਠਾਈ ਜਾਵੇਗੀ।

ਮੀਟਿੰਗ ਵਿੱਚ ਹਰ ਪੋਲਿੰਗ ਬੂਥ 'ਤੇ ਘੱਟੋ-ਘੱਟ ਇੱਕ 'ਵੋਟ ਰੱਖਿਅਕ' ਨਿਯੁਕਤ ਕਰਨ ਦਾ ਫੈਸਲਾ ਕੀਤਾ ਗਿਆ। ਇਨ੍ਹਾਂ ਦੀ ਜ਼ਿੰਮੇਵਾਰੀ ਵੋਟਰ ਸੂਚੀਆਂ ਦੀ ਜਾਂਚ, ਨ

ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਵੱਲੋਂ ਮਲੋਆ ਵਿੱਚ ਆਵਾਸ ਸਬੰਧੀ ਵੱਡੀਆਂ ਰਾਹਤਾਂ ਅਤੇ ਕਰਮਚਾਰੀ ਕਲਿਆਣ ਉਪਾਵਾਂ ਦਾ ਐਲਾਨ

ਪੈ.ਗਾਮ-ਏ-ਜਗਤ/ਚੰਡੀਗੜ੍ਹ
17 ਨਵੰਬਰ (ਹਰਮਿੰਦਰ ਸਿੰਘ ਨਾਗਪਾਲ)

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੇ ਮਲੋਆ ਵਿਖੇ ਕਰਵਾਏ ਗਏ 'ਜਨਹਿਤ ਅਤੇ ਵਿਕਾਸ ਸਮਾਰੋਹ' ਦੌਰਾਨ ਸ਼ਹਿਰ ਵਾਸੀਆਂ ਲਈ ਆਵਾਸ ਸਬੰਧੀ ਕਈ ਅਹਿਮ ਰਾਹਤਾਂ ਅਤੇ ਕਰਮਚਾਰੀ ਕਲਿਆਣ ਯੋਜਨਾਵਾਂ ਦਾ ਐਲਾਨ ਕੀਤਾ। ਇਨ੍ਹਾਂ ਫੈਸਲਿਆਂ ਨਾਲ ਹਜ਼ਾਰਾਂ ਪਰਿਵਾਰਾਂ ਅਤੇ ਨਗਰ ਨਿਗਮ ਦੇ ਕਰਮਚਾਰੀਆਂ ਨੂੰ ਲਾਭ ਮਿਲਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਦਾ ਉਦੇਸ਼ ਹਰ ਵਰਗ ਤੱਕ ਸਰਕਾਰੀ ਸਹੂਲਤਾਂ ਪਹੁੰਚਾਉਣਾ ਅਤੇ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਲਿਆਉਣਾ ਹੈ।

ਪ੍ਰਸ਼ਾਸਕ ਨੇ ਪੁਨਰਵਾਸ ਯੋਜਨਾਵਾਂ ਤਹਿਤ ਅਲਾਟ ਕੀਤੇ ਗਏ ਰਿਹਾਇਸ਼ੀ ਫਲੈਟਾਂ ਅਤੇ ਪਲਾਟਾਂ ਦੇ ਯੋਗ ਅਲਾਟੀਆਂ ਨੂੰ ਫ?ਰੀਹੋਲਡ ਅਧਿਕਾਰ ਦੇਣ ਦੀ ਮਨਜ਼ੂਰੀ ਦਾ ਐਲਾਨ ਕੀਤਾ। ਇਸ ਨੀਤੀ ਤਹਿਤ ਸੱਤ ਸਾਲ ਦੀ ਨਿਰਧਾਰਤ ਕਬਜ਼ਾ ਮਿਆਦ ਪੂਰੀ ਕਰ ਚੁੱਕੇ ਅਲਾਟੀਆਂ ਜਾਂ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਨੂੰ ਬਕਾਇਆ ਲਾਇਸੈਂਸ ਫੀਸ ਅਤੇ ਲਾਗੂ ਕਲੈਕਟਰ ਰੇਟ ਦੇ ਪੰਜ ਫੀਸਦੀ ਦੇ ਬਰਾਬਰ ਰਕਮ ਅਦਾ ਕਰਨ 'ਤੇ ਮਾਲਕੀ ਹੱਕ ਮਿਲ ਸਕਣਗੇ। ਰਕਮ ਇੱਕ ਸਾਲ ਦੇ ਅੰਦਰ ਇਕਮੁਸ਼ਤ ਜਾਂ ਕਿਸ਼ਤਾਂ ਵਿੱਚ ਜਮ?ਹਾਂ ਕਰਵਾਈ ਜਾ ਸਕੇਗੀ। ਉਨ੍ਹਾਂ ਅਨੁਸਾਰ ਇਸ ਫੈਸਲੇ ਨਾਲ ਲਗਭਗ 50 ਹਜ਼ਾਰ ਪਰਿਵਾਰਾਂ ਅਤੇ 2.5 ਤੋਂ 3 ਲੱਖ ਲੋਕਾਂ ਨੂੰ ਲਾਭ ਹੋਵੇਗਾ।

- **ਪੁਨਰਵਾਸ ਆਵਾਸਾਂ ਦੇ ਨਿਵਾਸੀਆਂ ਨੂੰ ਮਿਲਣਗੇ ਫ੍ਰੀਹੋਲਡ ਅਧਿਕਾਰ, ਕਿਰਾਇਆ ਘਟਾਉਣ ਅਤੇ ਬਕਾਇਆ ਵਿਆਜ ਮੁਆਫ਼ ਕਰਨ ਦਾ ਫੈਸਲਾ**

ਅਦਾਲਤੀ ਮਾਮਲਾ ਲੰਬਿਤ ਹੋਣ ਜਾਂ ਇਮਾਰਤੀ ਉਲੰਘਣਾ ਦੇ ਆਧਾਰ 'ਤੇ ਵੀ ਯੋਗ ਬਿਨੈਕਾਰਾਂ ਨੂੰ ਅਰਜ਼ੀ ਦੇਣ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ।

ਕਿਰਾਇਆ ਆਵਾਸ ਯੋਜਨਾ (ਏਆਰਐੱਚਸੀ) ਅਧੀਨ ਅਲਾਟ ਕੀਤੇ ਫਲੈਟਾਂ ਦੀ ਲਾਇਸੈਂਸ ਫੀਸ ਹੁਣ ਚੰਡੀਗੜ੍ਹ ਸਮਾਲ ਫਲੈਟਸ ਸਕੀਮ-2006 ਅਧੀਨ ਲਾਗੂ ਦਰਾਂ ਅਨੁਸਾਰ ਹੋਵੇਗੀ। ਇਸ ਦੇ ਨਾਲ ਹੀ ਸਾਰੇ ਯੋਗ ਲਾਇਸੈਂਸਧਾਰਕਾਂ ਨੂੰ ਬਕਾਇਆ ਰਕਮ 'ਤੇ ਇੱਕਮੁਸ਼ਤ ਵਿਆਜ ਮੁਆਫ਼ੀ ਦਿੱਤੀ ਜਾਵੇਗੀ। ਇਹ ਰਾਹਤ ਉਨ੍ਹਾਂ ਲੋਕਾਂ ਨੂੰ ਵੀ ਮਿਲੇਗੀ, ਜਿਨ੍ਹਾਂ ਦੇ ਲਾਇਸੈਂਸ ਕਿਰਾਇਆ ਜਾਂ ਫੀਸ ਨਾ ਭਰਨ ਕਾਰਨ ਰੱਦ ਹੋ ਚੁੱਕੇ ਹਨ।

ਚੰਡੀਗੜ੍ਹ ਹਾਊਸਿੰਗ ਬੋਰਡ ਦੀ ਜੀਪੀਏ/ਐੱਸਪੀਏ ਟ੍ਰਾਂਸਫਰ ਨੀਤੀ ਮੁੜ ਲਾਗੂ ਕਰਨ ਦਾ ਵੀ ਐਲਾਨ ਕੀਤਾ ਗਿਆ। ਇਸ ਤਹਿਤ 11 ਅਕਤੂਬਰ 2011 ਤੋਂ ਪਹਿਲਾਂ ਰਜਿਸਟਰਡ ਜਾਂ ਲਾਗੂ ਕੀਤੇ ਗਏ ਜਨਰਲ ਜਾਂ ਸਪੈਸ਼ਲ ਪਾਵਰ ਆਫ ਅਟਾਰਨੀ ਨਾਲ ਸਬੰਧਤ ਯੋਗ ਜਾਇਦਾਦਾਂ ਦੇ ਤਬਾਦਲੇ ਦੀ ਇਜਾਜ਼ਤ ਹੋਵੇਗੀ। ਇਸ ਤੋਂ ਇਲਾਵਾ ਬੋਰਡ ਦੇ ਸੁਤੰਤਰ ਮਕਾਨਾਂ ਵਿੱਚ ਲੋੜ ਅਨੁਸਾਰ ਤਬਦੀਲੀਆਂ ਅਤੇ ਮਕਾਨਾਂ ਨੂੰ ਢਾਹ ਕੇ ਦੁਬਾਰਾ ਬਣਾਉਣ ਦੀ ਇਜਾਜ਼ਤ ਦੇਣ ਦਾ ਫੈਸਲਾ ਕੀਤਾ ਗਿਆ ਹੈ। ਸਾਰੀਆਂ ਰਿਹਾਇਸ਼ੀ ਇਕਾਈਆਂ ਵਿੱਚ ਲਿਫਟਾਂ ਲਗਾਉਣ ਦੀ ਵੀ ਮਨਜ਼ੂਰੀ ਦਿੱਤੀ ਗਈ ਹੈ।

ਵਿਕਾਸ ਕਾਰਜਾਂ ਤਹਿਤ ਧਨਾਸ ਦੀ ਪੁਨਰਵਾਸ ਈਡਬਲਿਊਐੱਸ ਕਲੋਨੀ ਵਿੱਚ 1.77 ਏਕੜ ਜ਼ਮੀਨ 'ਤੇ 80 ਬਿਸਤਰਿਆਂ ਵਾਲਾ ਹਸਪਤਾਲ ਬਣਾਇਆ ਜਾਵੇਗਾ ਅਤੇ ਸਾਰੰਗਪੁਰ ਵਿੱਚ ਨਵਾਂ ਪੁਲਿਸ ਸਟੇਸ਼ਨ ਸਥਾਪਤ ਕੀਤਾ ਜਾਵੇਗਾ।

ਕਰਮਚਾਰੀ ਕਲਿਆਣ ਲਈ ਨਗਰ ਨਿਗਮ ਚੰਡੀਗੜ੍ਹ ਦੇ ਸਫ਼ਾਈ ਕਰਮਚਾਰੀਆਂ ਦੇ 93 ਆਸ਼ਰਿਤਾਂ ਨੂੰ ਨੌਕਰੀਆਂ ਦੇਣ ਦਾ ਐਲਾਨ ਕੀਤਾ ਗਿਆ। ਇਸ ਦੇ ਨਾਲ ਹੀ ਪਹਿਲਾਂ ਦੇ 13 ਪਿੰਡਾਂ ਤੋਂ ਤਬਦੀਲ ਹੋਏ 158 ਕਰਮਚਾਰੀਆਂ ਦੀ ਮੂਲ ਤਨਖਾਹ ਅਤੇ ਮਹਿੰਗਾਈ ਭੱਤੇ ਸਬੰਧੀ ਫੈਸਲਾ ਲੈਣ ਦਾ ਅਧਿਕਾਰ ਨਗਰ ਨਿਗਮ ਨੂੰ ਦਿੱਤਾ ਗਿਆ।

ਕਟਾਰੀਆ ਨੇ ਕਿਹਾ ਕਿ ਇਹ ਫੈਸਲੇ ਪ੍ਰਧਾਨ ਮੰਤਰੀ ਦੇ 'ਵਿਕਸਿਤ ਭਾਰਤ-2047' ਦੇ ਸੁਪਨੇ ਨੂੰ ਸਾਕਾਰ ਕਰਨ ਵੱਲ ਅਹਿਮ ਕਦਮ ਹਨ। ਸਮਾਰੋਹ ਵਿੱਚ ਚੰਡੀਗੜ੍ਹ ਦੇ ਮੇਅਰ ਸੌਰਭ ਜੋਸ਼ੀ, ਮੁੱਖ ਸਕੱਤਰ ਐੱਚ. ਰਾਜੇਸ਼ ਪ੍ਰਸਾਦ, ਵਿਵੇਕ ਪ੍ਰਤਾਪ ਸਿੰਘ ਸਮੇਤ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ। ਮਲੋਆ ਦੇ ਵਸਨੀਕਾਂ ਨੇ ਇਨ੍ਹਾਂ ਰਾਹਤਾਂ ਅਤੇ ਆਪਣੀਆਂ ਸਮੱਸਿਆਵਾਂ ਸਿੱਧੇ ਪ੍ਰਸ਼ਾਸਕ ਤੱਕ ਪਹੁੰਚਾਉਣ ਦੇ ਮੌਕੇ ਲਈ ਧੰਨਵਾਦ ਕੀਤਾ।

ਪੀ.ਆਈ.-ਰਾਹੀ ਨੇ ਹੈਲਥਕੇਅਰ ਅਤੇ ਇੰਡਸਟ੍ਰੀ-ਓਰਿਐਂਟਡ ਸਕਿੱਲਸ ਨੂੰ ਮਜ਼ਬੂਤ ਕਰਨ ਲਈ ਚੰਡੀਗੜ੍ਹ ਸਕਿੱਲ ਡਿਵੈਲਪਮੈਂਟ ਮਿਸ਼ਨ ਨਾਲ ਸਹਿਮਤੀ ਪੱਤਰ 'ਤੇ ਹਸਤਾਖਰ ਕੀਤੇ

ਪੈ.ਗਾਮ-ਏ-ਜਗਤ
ਚੰਡੀਗੜ੍ਹ, 17 ਨਵੰਬਰ,
(ਹਰਮਿੰਦਰ ਸਿੰਘ ਨਾਗਪਾਲ)



ਚੰਡੀਗੜ੍ਹ ਸਕਿੱਲ ਡਿਵੈਲਪਮੈਂਟ ਮਿਸ਼ਨ (ਸੀਐੱਸਡੀਐੱਮ), ਤਕਨੀਕੀ ਸਿੱਖਿਆ ਡਾਇਰੈਕਟੋਰੇਟ, ਚੰਡੀਗੜ੍ਹ ਪ੍ਰਸ਼ਾਸਨ, ਅਤੇ ਪੀਯੂ-ਆਈਆਈਟੀ ਰੋਪੜ ਰੀਜਨਲ ਐਕਸਲੇਟਰ ਫੌਰ ਹੋਲਿਸਟਿਕ ਇਨੋਵੇਸ਼ਨਸ ਫਾਊਂਡੇਸ਼ਨ (ਪੀਆਈਈ-ਰਾਹੀ) ਨੇ ਅੱਜ ਚੰਡੀਗੜ੍ਹ ਵਿੱਚ ਸਕਿੱਲ ਡਿਵੈਲਪਮੈਂਟ, ਸਮਰੱਥਾ ਨਿਰਮਾਣ, ਉੱਦਮਤਾ ਅਤੇ ਇਨੋਵੇਸ਼ਨ ਨੂੰ ਮਜ਼ਬੂਤ ਕਰਨ ਲਈ ਇੱਕ ਸਹਿਮਤੀ ਪੱਤਰ (ਐੱਮਓਯੂ) 'ਤੇ ਹਸਤਾਖਰ ਕੀਤੇ।

ਇਸ ਸਹਿਮਤੀ ਪੱਤਰ (ਐੱਮਓਯੂ) 'ਤੇ ਡਾਇਰੈਕਟਰ, ਤਕਨੀਕੀ ਸਿੱਖਿਆ-ਅਤੇ-ਮਿਸ਼ਨ ਡਾਇਰੈਕਟਰ, ਸੀਐੱਸਡੀਐੱਮ, ਚੰਡੀਗੜ੍ਹ ਪ੍ਰਸ਼ਾਸਨ, ਡਾ. ਪਾਲਿਕਾ ਅਰੋੜਾ, ਪੀਸੀਐੱਸ, ਅਤੇ ਪੀਆਈ-ਰਾਹੀ ਦੇ ਡਾਇਰੈਕਟਰ, ਪ੍ਰੋਫੈਸਰ (ਡਾ.) ਰਜਤ ਸੰਧੀਰ ਨੇ ਹਸਤਾਖਰ ਕੀਤੇ। ਦੋਵੇਂ ਸੰਸਥਾਵਾਂ ਪਹਿਲਾਂ ਹੀ ਚੰਡੀਗੜ੍ਹ ਲਈ 'ਕੇਅਰਗਿਵਰ ਇਨੀਸ਼ੀਏਟਿਵ' ਦੇ ਤਹਿਤ ਸਹਿਯੋਗ ਕਰ ਰਹੀਆਂ ਹਨ। ਇਸ ਵਿੱਚ ਡਾਇਬੀਟੀਜ਼ ਕੇਅਰ ਅਸਿਸਟੈਂਟਸ ਅਤੇ ਜੇਰੀਐਟ੍ਰਿਕ ਕੇਅਰ ਲਈ ਸਕਿੱਲ ਡਿਵੈਲਪਮੈਂਟ ਟ੍ਰੇਨਿੰਗ ਸ਼ਾਮਲ ਹੈ। ਇਹ ਸਹਿਮਤੀ ਪੱਤਰ ਉਦਯੋਗ ਦੀਆਂ ਜ਼ਰੂਰਤਾਂ ਦੇ ਅਨੁਰੂਪ ਸਕਿੱਲ ਟ੍ਰੇਨਿੰਗ, ਅਪਸਕਿੱਲਿੰਗ ਅਤੇ ਰੀਸਕਿੱਲਿੰਗ ਪ੍ਰੋਗਰਾਮਾਂ, ਟ੍ਰੇਨਰਾਂ ਦੀ ਟ੍ਰੇਨਿੰਗ (ਟੀਓਟੀ), ਅਪ੍ਰੈਂਟਿਸਸ਼ਿਪਸ ਅਤੇ ਉਦਯੋਗਿਕ ਕਾਰਜਪ੍ਰਣਾਲੀ ਦੇ ਵਿਵਹਾਰਿਕ ਅਨੁਭਵ ਦੇ ਜ਼ਰੀਏ ਇਸ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰੇਗਾ। ਇਸ ਸਹਿਯੋਗ ਦੇ ਤਹਿਤ ਗ੍ਰੀਨ ਹਾਈਡ੍ਰੋਜਨ, ਆਰਟੀਫਿਸ਼ਲ ਇੰਟੈਲੀਜੈਂਸ, ਮਸ਼ੀਨ ਲਰਨਿੰਗ, ਡੇਟਾ ਸਾਇੰਸ, ਸਾਇਬਰ ਸੁਰੱਖਿਆ, ਰੋਬੋਟਿਕਸ, ਡ੍ਰੋਨ ਟੈਕਨੋਲੋਜੀ, ਇੰਟਰਨੈੱਟ ਆਵ? ਥਿੰਗਸ (ਆਈਓਟੀ), ਸੈਮੀਕੰਡਕਟਰ ਟੈਕਨੋਲੋਜੀ, ਇਲੈਕਟ੍ਰਿਕ ਵਾਹਨ ਅਤੇ ਇੰਡਸਟ੍ਰੀ 4.0 ਜਿਹੇ ਖੇਤਰਾਂ ਵਿੱਚ ਭਵਿੱਖ ਦੀਆਂ ਜ਼ਰੂਰਤਾਂ ਦੇ ਅਨੁਰੂਪ ਸਕਿੱਲ ਡਿਵੈਲਪ (ਵਿਕਸਿਤ) ਕਰਨ ਦੀ ਵੀ ਪਰਿਕਲਪਨਾ ਕੀਤੀ ਗਈ ਹੈ। ਮਹਿਲਾ ਉੱਦਮਤਾ ਅਤੇ ਸਮਾਵੇਸ਼ੀ ਕੌਸ਼ਲ ਵਿਕਾਸ ਨੂੰ ਹੁਲਾਰਾ ਦੇਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ, ਖਾਸ ਕਰਕੇ ਵੰਚਿਤ ਭਾਈਚਾਰਿਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ। ਦੋਵੇਂ ਸੰਸਥਾਵਾਂ ਇਨੋਵੇਟਿਵ ਪ੍ਰੋਜੈਕਟਸ ਅਤੇ ਟਿਕਾਊ ਆਜੀਵਿਕਾ ਦੇ ਅਵਸਰਾਂ ਨੂੰ ਸਮਰਥਨ ਦੇਣ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਹਿਯੋਗ, ਉਦਯੋਗਾਂ ਨਾਲ ਸਾਂਝੇਦਾਰੀ ਅਤੇ ਸਰਕਾਰੀ ਯੋਜਨਾਵਾਂ, ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀਐੱਸਆਰ) ਪਹਿਲਾਂ ਅਤੇ ਹੋਰ ਏਜੰਸੀਆਂ ਦੇ ਜ਼ਰੀਏ ਵਿੱਤੀ ਸਹਾਇਤਾ ਦੀਆਂ ਸੰਭਾਵਨਾਵਾਂ ਵੀ ਤਲਾਸ਼ਣਗੀਆਂ।

ਇਸ ਸਾਂਝੇਦਾਰੀ ਦਾ ਉਦੇਸ਼ ਅਕਾਦਮਿਕ, ਉਦਯੋਗ, ਸਰਕਾਰ ਅਤੇ ਇਨੋਵੇਟਿਵ ਈਕੋਸਿਸਟਮ ਦੇ ਦਰਮਿਆਨ ਤਾਲਮੇਲ ਮਜ਼ਬੂਤ ਕਰਦੇ ਹੋਏ ਕੌਸ਼ਲ-ਸੰਪੰਨ, ਉੱਦਮਸ਼ੀਲ, ਸਮਾਵੇਸ਼ੀ ਅਤੇ ਭਵਿੱਖ ਲਈ ਤਿਆਰ ਚੰਡੀਗੜ੍ਹ ਦੇ ਨਿਰਮਾਣ ਵਿੱਚ ਯੋਗਦਾਨ ਦੇਣਾ ਹੈ।

ਖੇਡਾਂ ਵਤਨ ਪੰਜਾਬ ਦੀਆਂ : ਰਾਜ ਪੱਧਰੀ ਲਾਅਨ ਟੈਨਿਸ ਤੇ ਵਾਲੀਬਾਲ ਸਮੈਸ਼ਿੰਗ ਦਾ ਆਗਾਜ਼

ਪੈ.ਗਾਮ-ਏ-ਜਗਤ/ਪਟਿਆਲਾ
17 ਨਵੰਬਰ (ਪਰਮਜੀਤ ਸਿੰਘ ਪਰਵਾਨਾ)

ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਜ਼ਿਲ੍ਹਾ ਪਟਿਆਲਾ ਵਿਖੇ ਰਾਜ ਪੱਧਰੀ ਲਾਅਨ ਟੈਨਿਸ ਅਤੇ ਵਾਲੀਬਾਲ ਸਮੈਸ਼ਿੰਗ ਖੇਡਾਂ ਦਾ ਆਗਾਜ਼ ਹੋ ਗਿਆ ਹੈ। ਪੋਲੋ ਗਰਾਊਂਡ ਪਟਿਆਲਾ ਵਿਖੇ ਕਰਵਾਏ ਗਏ ਉਦਘਾਟਨੀ





- **ਵਧੀਕ ਡਿਪਟੀ ਕਮਿਸ਼ਨਰ ਅਨੁਪ੍ਰਿਤਾ ਜੌਹਲ ਨੇ ਕੀਤਾ ਖੇਡਾਂ ਦਾ ਉਦਘਾਟਨ**

ਸਮਾਰੋਹ ਦੌਰਾਨ ਮੁੱਖ ਮਹਿਮਾਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਅਨੁਪ੍ਰਿਤਾ ਜੌਹਲ ਨੇ ਖੇਡਾਂ ਦਾ ਰਸਮੀ ਉਦਘਾਟਨ ਕੀਤਾ।

ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਖੇਡ ਵਿਭਾਗ ਪੰਜਾਬ ਦੇ ਸਾਬਕਾ ਡਿਪਟੀ ਡਾਇਰੈਕਟਰ ਜਸਵੀਰਪਾਲ ਕੌਰ ਬਰਾੜ ਵੀ ਮੌਜੂਦ ਸਨ। ਖਿਡਾਰੀਆਂ ਨੂੰ ਉਤਸ਼ਾਹਿਤ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਸਰਵਪੱਖੀ ਵਿਕਾਸ, ਸਰੀਰਕ ਤੰਦਰੁਸਤੀ ਅਤੇ ਅਨੁਸ਼ਾਸਨ ਦੀ ਭਾਵਨਾ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਖੇਡਾਂ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਹ ਮੁਕਾਬਲੇ ਵੱਖ-ਵੱਖ ਉਮਰ ਵਰਗਾਂ ਵਿੱਚ ਕਰਵਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਖਿਡਾਰੀ ਉਤਸ਼ਾਹ ਨਾਲ ਭਾਗ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਵਾਲੀਬਾਲ ਸਮੈਸ਼ਿੰਗ ਗੇਮ ਦੇ ਅੰਡਰ-17 ਲੜਕਿਆਂ ਦੇ ਮੁਕਾਬਲਿਆਂ ਵਿੱਚ ਫਾਜ਼ਿਲਕਾ ਦੀ ਟੀਮ ਨੇ ਮੋਗਾ ਨੂੰ 2-0 ਨਾਲ ਹਰਾਇਆ। ਇਸੇ ਤਰ੍ਹਾਂ ਐਸ.ਬੀ.ਐਸ. ਨਗਰ ਦੀ ਟੀਮ ਨੇ ਤਰਨਤਾਰਨ ਨੂੰ ਅਤੇ ਸ੍ਰੀ ਫ਼ਤਹਿਗੜ੍ਹ ਸਾਹਿਬ ਦੀ ਟੀਮ ਨੇ ਫਿਰੋਜ਼ਪੁਰ ਨੂੰ 2-0 ਨਾਲ ਹਰਾ ਕੇ ਸ਼ਾਨਦਾਰ ਜਿੱਤ ਦਰਜ ਕੀਤੀ। ਅੰਡਰ-14 ਲੜਕਿਆਂ ਦੇ ਮੁਕਾਬਲਿਆਂ ਵਿੱਚ ਮੋਹਾਲੀ ਦੀ ਟੀਮ ਨੇ ਫਰੀਦਕੋਟ ਨੂੰ, ਅੰਮ੍ਰਿਤਸਰ ਦੀ ਟੀਮ ਨੇ ਮਲੇਰਕੋਟਲਾ ਨੂੰ, ਪਠਾਨਕੋਟ ਦੀ ਟੀਮ ਨੇ ਮੋਗਾ ਨੂੰ ਅਤੇ ਬਠਿੰਡਾ ਦੀ ਟੀਮ ਨੇ ਜਲੰਧਰ ਨੂੰ ਹਰਾ ਕੇ ਜਿੱਤ ਹਾਸਲ ਕੀਤੀ।

ਇਸ ਮੌਕੇ ਖਿਡਾਰੀਆਂ, ਕੋਚਾਂ ਅਤੇ ਖੇਡ ਵਿਭਾਗ ਦੇ ਅਧਿਕਾਰੀਆਂ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।

ਅੰਤਰ ਜ਼ਿਲ੍ਹਾ ਸਕੂਲ ਖੇਡਾਂ 'ਚ ਨੈੱਟਬਾਲ ਅੰਡਰ-19 ਮੁਕਾਬਲਿਆਂ ਦਾ ਹੋਇਆ ਆਗਾਜ਼

ਪੈ.ਗਾਮ-ਏ-ਜਗਤ/ਪਟਿਆਲਾ
17 ਨਵੰਬਰ (ਪਰਮਜੀਤ ਸਿੰਘ ਪਰਵਾਨਾ)



ਅੰਡਰ-19 (ਲੜਕਿਆਂ) ਖੇਡ ਮੁਕਾਬਲਾ ਅੱਜ ਪ੍ਰੋਫੈਸਰ ਗੁਰਸੇਵਕ ਸਿੰਘ ਸਰਕਾਰੀ ਫਿਜ਼ੀਕਲ ਕਾਲਜ ਵਿਖੇ ਸ਼ੁਰੂ ਹੋ ਗਿਆ ਜੋ 20 ਨਵੰਬਰ ਤਕ ਚੱਲੇਗਾ। ਅੱਜ ਪਹਿਲੇ ਦਿਨ ਮੁੱਖ ਮਹਿਮਾਨ ਵਜੋਂ ਡੀਐਸਸੀ ਡਾ. ਦਲਜੀਤ ਸਿੰਘ, ਪ੍ਰਿੰਸੀਪਲ ਡਾ.ਹਰਮਨਪ੍ਰੀਤ ਕੌਰ ਤੇ ਪ੍ਰਿੰਸੀਪਲ ਜਸਪਾਲ ਸਿੰਘ ਸਟੇਟ ਅਵਾਰਡੀ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਅੱਜ ਦੇ ਹੋਏ ਨੈੱਟਬਾਲ ਮੁਕਾਬਲਿਆਂ ਵਿੱਚ ਪਟਿਆਲੇ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ, ਤਰਨਤਾਰਨ ਨੇ ਮੋਗੇ ਨੂੰ, ਫਾਜ਼ਿਲਕਾ ਨੇ ਸ੍ਰੀ ਫਤਿਹਗੜ੍ਹ ਸਾਹਿਬ ਨੂੰ, ਲੁਧਿਆਣੇ ਨੇ ਸੰਗਰੂਰ ਨੂੰ ਅਤੇ ਮਾਨਸਾ ਨੇ ਗੁਰਦਾਸਪੁਰ ਨੂੰ ਹਰਾਇਆ। ਟੂਰਨਾਮੈਂਟ ਇੰਚਾਰਜ ਪ੍ਰਿੰਸੀਪਲ ਬਲਵਿੰਦਰ ਕੌਰ, ਟੂਰਨਾਮੈਂਟ ਰਜਿਸਟਰੇਸ਼ਨ ਕਮੇਟੀ ਇੰਚਾਰਜ ਪ੍ਰਿੰਸੀਪਲ ਕੁਮਾਰੀ ਹੇਮਾ, ਮੈਸ ਕਮੇਟੀ ਇੰਚਾਰਜ ਪ੍ਰਿੰਸੀਪਲ ਹਰਿੰਦਰ ਸਿੰਘ,ਫ ਰਹਾਇਸ਼ ਕਮੇਟੀ ਇੰਚਾਰਜ ਪ੍ਰਿੰਸੀਪਲ ਵਿਕਰਮਜੀਤ ਕੁਮਾਰ, ਮੈਡੀਕਲ ਟੀਮ ਇੰਚਾਰਜ ਪ੍ਰਿੰਸੀਪਲ ਰਾਜੇਸ਼ ਗਰਗ ਆਪਣੀ ਡਿਊਟੀ ਨਿਭਾ ਰਹੇ ਹਨ। ਇਸ ਮੌਕੇ ਪਵਲੀ ਰਾਣੀ ਕੋਚ,ਇੰਦੂ ਬਾਲਾ,ਚਮਕੌਰ ਸਿੰਘ, ਪਰਮਜੀਤ ਕੌਰ, ਉੱਤਮ ਕੁਮਾਰ ਕੋਚ, ਵਿਸ਼ਾਲ ਕੁਮਾਰ ਕੋਚ, ਅਮਨ ਕੁਮਾਰ ਕੋਚ,ਬਲਕਾਰ ਸਿੰਘ, ਜੈਤਸ਼ਾਹੂਦੀਪ ਸਿੰਘ,ਅਮਨਦੀਪ ਕੌਰ, ਹਰਜੀਤ ਸਿੰਘ,ਸੁਨੀਲ ਕੁਮਾਰ,ਕਿਰਨਜੀਤ ਕੌਰ,ਕੁਲਜੀਤ ਕੌਰ, ਕਮਲਪ੍ਰੀਤ ਕੌਰ, ਦਮਨਜੀਤ ਕੌਰ, ਰਾਜਨਪ੍ਰੀਤ ਕੌਰ, ਅੰਜੂ ਪਾਂਡੇ,ਵਿਜੇ ਕੁਮਾਰ, ਜਸਵੰਤ ਸਿੰਘ, ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਤੇ ਸਾਰੇ ਜ਼ਿਲ੍ਹਿਆਂ ਦੇ ਖਿਡਾਰੀ ਅਤੇ ਡਿਊਟੀ ਸਟਾਫ ਹਾਜ਼ਰ ਸੀ।

ਲੋਕਤੰਤਰੀ ਪ੍ਰਣਾਲੀ ਦੀ ਸਮਝ ਪਰਖਣ ਲਈ 100 ਵਿਦਿਆਰਥੀਆਂ ਨੇ ਲਿਆ ਹਿੱਸਾ

ਊਨਾ, 17 ਨਵੰਬਰ
(ਪੈ.ਗਾਮ-ਏ-ਜਗਤ)



ਭਾਰਤ ਦੇ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਇਲੈਕਟੋਰਲ ਲਿਟਰੇਸੀ ਕਲੱਬ ਤਹਿਤ ਮੰਗਲਵਾਰ ਨੂੰ ਬਚਤ ਭਵਨ ਊਨਾ ਵਿਖੇ ਜ਼ਿਲ੍ਹਾ ਪੱਧਰੀ ਲੇਖ ਅਤੇ ਪ੍ਰਸ਼ਨੋਤਰੀ ਮੁਕਾਬਲਾ

- **ਲੇਖ ਅਤੇ ਪ੍ਰਸ਼ਨੋਤਰੀ ਮੁਕਾਬਲਿਆਂ ਵਿੱਚ ਵਿਖਾਈ ਪ੍ਰਤਿਭਾ, 20 ਵਿਦਿਆਰ

ਚੁੱਪ ਰਹੋ . . . ਸੇਵਾ ਕਰਦੇ ਰਹੋ



ਕੁਝ ਦਿਨ ਪਹਿਲਾਂ ਪੰਜਾਬੀ ਟ੍ਰਿਬਿਊਨ (11 ਅਕਤੂਬਰ 2026) ਵਿਚ ਵਿਦਵਾਨ ਲੇਖਕ ਸਵਰਾਜਵੀਰ ਨੇ ' ਦਲਿਤ ਹੋ ਚੁੱਪ ਰਹੋ ' ਸਿਰਲੇਖ ਹੇਠ ਲਿਖਿਆ ਸੀ; ' ਸਨੇਹਾ ਇਹ ਹੈ ਕਿ ਭਾਵੇ ਤੁਸੀਂ ਸਨਮਦੀਪ ਦਾ ਪਰਵਾਰ ਹੋ ਜਾਂ ਗੁਲਜਾਰ ਸਿੰਘ ਦਾ ਪਰਿਵਾਰ ਜਾਂ ਸ਼ਾਮਲਾਟ ਦਾ ਹਿੱਸਾ ਮੰਗਦੇ ਦਲਿਤ ਜਾਂ ਖੇਤ ਮਜ਼ਦੂਰ ਆਗੂ ਹਰਮੇਸ਼ ਮਾਲੜੀ ,ਸਮਾਜ ਵਿਚ ਆਪਣਾ ਦਰਜਾ ਪਛਾਣੋ ਆਪਣੀ ਹਸਤੀ ਤੇ ਔਕਾਤ ਪਛਾਣੋ ,ਰੌਲਾ ਨਾ ਪਾਓ ,ਰੋਸ ਨਾ ਪ੍ਰਗਟਾਓ ,ਵਿਦਰੋਹ ਨਾ ਕਰੋ ,ਚੁੱਪ ਰਹੋ ,ਤੁਸੀਂ ਦਲਿਤ ਹੋ। ਸੱਤਾ ਦਾ ਸੁਨੇਹਾ ਹੈ , "ਕੀ ਹੋਇਆ ਤੁਹਾਡੇ ਕੋਲ ਅੰਬੇਡਕਰ ਦੇ ਬੋਲ ਹਨ / ਸਾਡੇ ਕੋਲ ਅੰਬੇਡਕਰ ਦੀ ਤਸਵੀਰ ਹੈ /ਸੱਤਾ ਦੀ ਤਹਿਰੀਰ ਹੈ ਤੁਸੀਂ ਚੁੱਪ ਰਹੋ ! ਤੁਸੀਂ ਚੁੱਪ ਰਹੋ।

ਸਨਮਦੀਪ ,ਗੁਲਜ਼ਾਰ ਸਿੰਘ ਅਤੇ ਹਰਮੇਸ਼ ਮਾਲੜੀ ਸਭ ਦਲਿਤ ਹਨ। ਉਹ ਸਮਾਜਿਕ ਦੁਰਵਿਵਹਾਰ ਤੋਂ ਤੰਗ ਆ ਕੇ ਖੁਦਕਸ਼ੀ ਕਰ ਗਏ। ਗੁਲਜ਼ਾਰ ਸਿੰਘ ਇਕ ਮੰਤਰੀ ਨੂੰ ਨਸ਼ਿਆਂ ਦੇ ਬੰਦ ਨਾ ਹੋਣ ਬਾਰੇ ਸਵਾਲ ਪੁੱਛ ਬੈਠਿਆ ਤੇ ਉਹ ਮੰਤਰੀ ਦੇ ਉੱਚ ਜਾਤੀ ਚਹੇਤਿਆਂ ਦੀ ਨਫਰਤ ਅਤੇ ਗਾਲੀ ਗਲੋਚ ਦਾ ਸ਼ਿਕਾਰ ਹੋ ਗਿਆ। ਹਰਮੇਸ਼ ਮਾਲੜੀ ਖੇਤ ਮਜ਼ਦੂਰਾਂ ਦਾ ਆਗੂ ਹੈ ਅਤੇ ਉਸ ਨੂੰ ਪਾਸ -ਹੰਸ ਰਾਜ ਕੰਪਲੈਕਸ ਵਿੱਚ ਜਾਤੀ - ਸੂਚਕ ਸਬਦ ਵਰਤ ਕੇ ਬੇਇੱਜ਼ਤ ਕੀਤਾ ਗਿਆ। ਪੰਜਾਬ ਵਿਚ ਨਸ਼ਿਆਂ ਨਾਲ ਸਿਰਫ ਦਲਿਤ ਹੀ ਨਹੀਂ, ਬਲਕਿ ਸਾਰਾ ਸਮਾਜ ਹੀ ਪ੍ਰਭਾਵਿਤ ਹੋ ਰਿਹਾ ਹੈ। ਗੁਲਜ਼ਾਰ ਸਿੰਘ ਪੂਰੇ ਸਮਾਜ ਦੇ ਹਿਤ ਲਈ ਮੰਤਰੀ ਤੋਂ ਸਵਾਲ ਪੁੱਛ ਰਿਹਾ ਹੈ ,ਉਹ ਕੇਵਲ ਆਪਣੇ ਲਈ ਨਹੀਂ ਬੋਲ ਰਿਹਾ। ਸਟੇਟ ਨੂੰ ਸਵਾਲ ਕਰਨਾ ਹਰ ਨਾਗਰਿਕ ਦਾ ਸੰਵਿਧਾਨਕ ਹੱਕ ਹੈ । ਪਾਸ਼ - ਹੰਸ ਰਾਜ ਨੂੰ ਸਮਾਜ ਨਾਇਕ ਮੰਨ ਚੁੱਕਿਆ ਹੈ ਪਰ ਉਨ੍ਹਾਂ ਪ੍ਰਤੀ ਯਾਦਗਾਰ ਨੂੰ ਹੋਏ ਲੈਕੇ ਵਿਵਾਦ ਤੇ ਦਲਿਤ ਹਰਮੇਸ਼ ਮਾਲੜੀ ਨੂੰ ਬੋਲਣ ਦਾ ਕੋਈ ਹੱਕ ਨਹੀਂ ਹੈ। ਅਖੌਤੀ ਉੱਚ ਜਾਤੀਏ ਉਸ ਦਾ ਨਿਰਾਦਰ ਕਰਦੇ ਹਨ ਕਿ ਉਹ ਆਤਮਹੱਤਿਆ ਕਰ ਜਾਂਦਾ ਹੈ। ਕੀ ਸਮਾਜ ਦੇ ਨਾਇਕਾਂ ਬਾਰੇ ਵੀ ਦਲਿਤ ਨਹੀਂ ਬੋਲ ਸਕਦੇ ? ਇਹ ਉਸ ਪੰਜਾਬੀ ਸਮਾਜ ਵਿਚ ਹੋ ਰਿਹਾ ਹੈ ਜਿਸ ਨੂੰ ਬਹੁਤ ਉਦਾਰਵਾਦੀ ਮੰਨਿਆ ਜਾ ਰਿਹਾ ਹੈ ਅਤੇ ਇਹ ਉਦਾਰਤਾ ਸਿੱਖ ਗੁਰੂ ਸਹਿਬਾਨਾਂ ਦੀ ਸਿੱਖਿਆ ਦਾ ਪ੍ਰਭਾਵ ਮੰਨੀ ਜਾਂਦੀ ਹੈ। ਫਿਰ ਜਾਤ - ਪਾਤ ਦੇ ਜਨਮਦਾਤੇ ਉਸ ਸਮਾਜ ਵਿਚ ਦਲਿਤ ਭਾਈਚਾਰੇ ਨਾਲ ਕਿਹੋ ਜਿਹਾ ਵਰਤਾਰਾ ਹੁੰਦਾ ਹੋਵੇਗਾ ਜਿਥੇ ਸਿੱਖੀ ਦਾ ਕੋਈ ਪ੍ਰਭਾਵ ਹੀ ਨਹੀਂ ਹੈ,ਵੱਡਾ ਸਵਾਲ ਹੈ।

ਪੰਜਾਬੀ ਪੇਂਡੂ ਸਮਾਜ ਵਿਚ ਖੇਤੀ ਕਰਦੇ ਜੱਟ ਭਾਈਚਾਰੇ ਦਾ ਦਬਦਬਾ ਹੈ। ਸਮਾਜ ਦੇ ਇਸ ਤਬਕੇ ਤੇ ਜੱਟਵਾਦ ਭਾਰੂ ਹੈ। ਮੈਂ ਜੱਟ ਹਾਂ --- ਅਸੀਂ ਜੱਟ ਹੁੰਦੇ ਹਾਂ --- ਵਰੀਗਾ ਵਰੀਗਾ ਅਲੰਕਾਰ ਵਰਤ ਕੇ ਆਪਣੀ ਪਹਿਚਾਣ ਕਰਵਾਈ ਜਾਂਦੀ ਹੈ। ਸ਼?ਰੀ ਗੁਰੂ ਅਮਰਦਾਸ ਜੀ ਦਾ ਸ਼?ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ਼ਬਦ ਹੈ;ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ। (ਪੰਨਾ 1127) ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਜਾਤ ਦਾ ਹੰਕਾਰ ਨਾ ਕਰੋ ਕਿਉਂਕਿ ਇਸ ਹੰਕਾਰ ਨਾਲ ਬਹੁਤ ਵਿਕਾਰ ਪੈਦਾ ਹੁੰਦੇ ਹਨ ।ਜਾਤ - ਪਾਤ ਦੇ ਸਿਧਾਂਤਕ ਵਿਰੋਧੀ ਸਿੱਖ ਧਰਮ ਤੇ ਪੂਰਾ ਕਾਬਜ ਜੱਟ ਭਾਈਚਾਰਾ ,ਗੁਰੂ ਦੇ ਫ਼ੁਰਮਾਨ ਦੀ ਵੀ ਪ੍ਰਵਾਹ ਨਾ ਕਰਦਾ ਹੋਇਆ ਜਾਤ ਅਭਿਮਾਨੀ ਹੈ। ਅਗਿਆਨਤਾ ਦੁਖਦਾਈ ਸਮਾਜਿਕ ਵਰਤਾਰਿਆਂ ਨੂੰ ਜਨਮ ਦਿੰਦੀ ਹੈ। ਜੱਟ ਭਰਾ ਇਸ ਗੱਲੋਂ ਅਣਜਾਣ ਹਨ ਕਿ ਹਿੰਦੂ ਵਰਨ ਵਿਵਸਥਾ ਅਨੁਸਾਰ ਜੱਟ ਵੀ ਸ਼ੂਦਰ ਹਨ। ਉਹ ਵਟਾਈ /ਪਟੇ ਤੇ ਖੇਤੀ ਕਰਦੇ ਸਨ। ਉਨ੍ਹਾਂ ਕੋਲ ਜ਼ਮੀਨ ਦੀ ਮਾਲਕੀ ਨਹੀਂ ਹੁੰਦੀ ਸੀ। ਲੇਖਕ ਪ੍ਰੀਤਮ ਸਿੰਘ ਐਮ ਏ ਮੁਤਾਬਿਕ ; " ਪਹਿਲੀ ਜਨ ਗਣਨਾ 1881 ਈ:,ਸਮੁੱਚੇ ਦੇਸ਼ ਵਿੱਚ ਚਾਰ ਪੜਾਵਾਂ ਵਿਚ ਹੁੰਦੀ ਹੋਈ ਕਈ ਸਾਲਾਂ ਵਿਚ ਸੰਪੰਨ ਹੋਈ ਜਿਸ ਦੀ ਰਿਪੋਰਟ ਡਾਇਰੈਕਟਰ ਸਰ ਈ. ਡੀ. ਇਬਟਸਨ ਨੇ ,1888 ਈ: ਵਿਚ ਤਿਆਰ ਕੀਤੀ ਜੋ 1892 ਵਿਚ ਛਪੀ ਸੀ। ਉਸ ਨੇ ਪੰਜਾਬ ਵਿਚ ਜਾਤਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਦੱਸਿਆ ਕਿ ਜੱਟ (JAT) Junior Agriculture Tenant ਭਾਵ ਜਮੀਨ ਨੂੰ ਖੋਦਣ ਅਤੇ ਵਾਹੁਣ ਵਾਲੇ ਲੋਕਾਂ ਨੂੰ ਕਿਹਾ ਜਾਂਦਾ ਹੈ, ਜਿਹਨਾਂ ਦਾ ਦਰਜਾ ਸਵਰਨ ਜਾਤਾਂ - ਬ੍ਰਾਹਮਣ ,ਕਸ਼ੱਤਰੀ ਅਤੇ ਵੈਸ਼ ਤੋਂ ਵੀ ਨੀਵਾਂ ਹੈ ਅਤੇ ਜੱਟ ਨੂੰ ਸ਼ੂਦਰਾਂ ਵਿਚ ਸ਼ਾਮਲ ਕੀਤਾ ਹੈ।ਜੱਟਾਂ ਦੇ ਗੋਤ ਵੀ ਉੱਚ ਜਾਤਾਂ ਦੇ ਗੋਤਾਂ ਨਾਲ ਨਹੀਂ ਮਿਲਦੇ ਬਲਕਿ ਜੱਟਾਂ ਦੇ ਗੋਤ - ਸੰਧੂ,ਸਿੱਧੂ,ਢਿੱਲੋਂ ,ਗਿੱਲ ,ਰੰਧਾਵਾ ਅਤੇ ਚੌਹਾਨ ਆਦਿ ਸ਼ੂਦਰਾਂ ਨਾਲ ਮਿਲਦੇ ਹਨ।ਪਹਿਲਾਂ ਜ਼ਮੀਨ ਉੱਤੇ ਮਾਲਕੀ ਜੱਟ ਦੀ ਨਹੀਂ ਹੁੰਦੀ ਸੀ ਬਲਕਿ ਰਾਜੇ ਦੀ ਹੁੰਦੀ ਸੀ। ਜੱਟਾਂ ਨੂੰ ਜ਼ਮੀਨ ਦੀ ਮਾਲਕੀ ਤਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਖਾਲਸਾ ਰਾਜ ਦੌਰਾਨ 1710-1716 ਈ: ਦੌਰਾਨ ਹੀ ਦਿਤੀ ਸੀ।"(ਦਲਿਤ ਸੰਘਰਸ਼ -ਉਦੇਸ਼ਕਾ - ਅਕਤੂਬਰ 2026) ਮੈਂਨੇ ਪ੍ਰਮੰਨੇ ਸਿੱਖ ਇਤਿਹਾਸਕਾਰ ਗੰਡਾ ਸਿੰਘ Life of Banda Singh Bahadur ਵਿਚ ਉਨ੍ਹਾਂ ਦਾ ਪਿਛੋਕੜ ਜੱਟ ਹੋਣ ਦਾ ਮੰਨਦੇ ਹਨ। ਇਬਿਟਸਨ ਵੀ ਬੰਦਾ ਸਿੰਘ ਬਹਾਦਰ ਦੇ ਪੈਰੋਕਾਰਾਂ ਨੂੰ ਜੱਟ ਹੋਣਾ ਮੰਨਦੇ ਹਨ। ਸੁਭਾਵਿਕ ਸੀ ਕਿ ਸਿੱਖ ਰਾਜ ਸਥਾਪਤ ਹੋਣ ਤੇ ਬੰਦਾ ਸਿੰਘ ਬਹਾਦਰ ਨੇ ਆਪਣੇ ਭਾਈਚਾਰੇ ਨੂੰ ਜ਼ਮੀਨ ਦੇ ਮਾਲਕੀ ਹੱਕ ਦੇ ਦਿੱਤੇ। ਹੈਰਾਨੀ ਹੈ ਕਿ ਇਹ ਜੱਟ ਭਾਈਚਾਰਾ,ਜੋ ਕਦੇ ਸ਼ੂਦਰ ਹੋਇਆ ਕਰਦਾ ਸੀ ,ਦਲਿਤ ਭਾਈਚਾਰੇ ਨਾਲ ਦੂਰ ਵਿਵਹਾਰਕਰ ਰਿਹਾ ਹੈ।

ਇਹ ਵਰਤਾਰਾ ਪਿੰਡ ਅਤੇ ਸ਼ਹਿਰਾਂ ਦੇ ਵਸਨੀਕਾਂ ਨੂੰ ਪ੍ਰਤੱਖ ਦਿੱਖ ਰਿਹਾ ਹੈ ਪਰ ਸਾਡੀ ਦੁਨੀਆ ਦਾ ਇਕ ਅਜਿਹਾ ਕੋਨਾ ਵੀ ਹੈ ਜਿਥੇ ਹੋ ਰਿਹਾ ਜਾਤੀ ਭੇਦ-ਭਾਵ ਕਿਸੇ ਨੂੰ ਨਜ਼ਰ ਨਹੀਂ ਆ ਰਿਹਾ, ਉਹ ਕਰਿਆ ਹੀ ਇਸ ਤਰਾਂ ਜਾਂਦਾ ਹੈ ਕਿ ਉਹ ਸਮਾਜ ਦੇ ਦੂਸਰੇ ਕੋਨਿਆਂ ਵਿਚ ਭੇਦ - ਭਾਵ ਲਗਦਾ ਹੀ ਨਹੀਂ।ਇਹ ਕੋਨਾ ਸਰਕਾਰੀ ਅਫ਼ਸਰੀ ਅਤੇ ਹੋਰ ਜਨਤਕ ਅਦਾਰੇ ਹਨ। ਇਸ ਕੋਨੇ ਵਿਚ ਸਿੱਖਿਅਤ ਦਲਿਤਾਂ ਦਾ ਪ੍ਰਭਾਵਸ਼ਾਲੀ ਹੋਣਾ ਉੱਚ ਜਾਤੀਆਂ ਦੇ ਰੜਕਦਾ ਰਹਿੰਦਾ ਹੈ। ਇਸ ਅੰਦਰ ਭੇਦ-ਭਾਵੀ ਵਰਤਾਰੇ ਦੀ ਵਿਉਂਤਬੰਦੀ ਨੀਤੀਗਤ ਹੈ ਅਤੇ ਬੜੀ ਹੀ ਚਤੁਰਤਾ ਨਾਲ ਲਾਗੂ ਕੀਤੀ ਜਾਂਦੀ ਹੈ। ਪ੍ਰੋ ਗੁਰਨਾਮ ਸਿੰਘ ਮੁਕਤਸਰ ਨੇ ਆਪਣੀ ਕ੍ਰਿਤ 'ਭਾਰਤੀ ਲੋਕ ਨੀਚ ਕਿਵੇਂ ਬਣੇ ' ਵਿਚ ਆਰ ਐਸ ਐੱਸ ਦਾ ਇਕ ਗੁਪਤ ਪੱਤਰ ਦਿੱਤਾ ਹੈ। ਇਸ ਦਸਤਾਵੇਜ ਮੁਤਾਬਿਕ ਦਲਿਤ ਵਰਗ ਦੇ ਅਫਸਰਾਂ/ਸਰਕਾਰੀ ਕਰਮਚਾਰੀਆਂ ਨੂੰ ਘਰੋਂ ਦੂਰ ਦਰਾਡੇ ਅਤੇ ਅਣਚਾਹੇ ਸਟੇਸ਼ਨਾਂ ਤੇ ਤਾਇਨਾਤ ਕੀਤਾ ਜਾਵੇ, ਉਨ੍ਹਾਂ ਨੂੰ ਆਰਥਿਕ ਤੌਰ ਤੇ ਪਛੜੇ ਰੱਖਿਆ ਜਾਵੇ ,ਸਮਾਜਿਕ ਸਾਂਝ ਕਾਇਮ ਨਾ ਕਰਨ ਦਿੱਤੀ ਜਾਵੇ ,ਉਨ੍ਹਾਂ ਦੀਆਂ ਸਲਾਨਾ ਰਿਪੋਰਟਾਂ ਖਰਾਬ ਕੀਤੀਆਂ ਜਾਣ ਆਦਿ।

ਮੈਂ ਇੱਕ ਤਕਨੀਕੀ ਕਾਲਜ ਵਿਚ ਲੈਕਚਰਾਰ ਦੀ ਅਸਾਮੀ 1974) ਤੇ ਕੰਮ ਕਰ ਰਿਹਾ ਸੀ। ਪ੍ਰਿੰਸੀਪਲ ਸਾਹਿਬ ਗਰੈਜੂਏਟ ਹੋਣ ਦੇ ਨਾਲ ਨਾਲ ਬੁਣਾਈ-ਕਢਾਈ ਦਾ ਤਕਨੀਕੀ ਡਿਪਲੋਮਾ ਹੋਲਡਰ ਸਨ। ਸਾਹਿਬ ਸਾਨੂੰ ਆਪਣਾ ਦੋਸਤ ਸਮਝਦੇ ਸਨ। ਉਨ੍ਹਾਂ ਲਈ ਦੋਸਤੀ ਦਾ ਅਰਥ ਉਨ੍ਹਾਂ ਦੀ ਹਾਂ 'ਚ ਹਾਂ ਮਿਲਾਉਣ ਤੋਂ ਸੀ। ਭਾਰਤ ਸਰਕਾਰ ਦੇ ਉਦਯੋਗ ਵਿਭਾਗ ਨੇ ਬੰਬਈ ਵਿਖੇ ਇਕ ਸੈਮੀਨਾਰ ਦਾ ਆਯੋਜਨ ਕੀਤਾ ਜਿਸ ਵਿਚ ਭਾਗ ਲੈਣ ਲਈ ਕੱਪੜੇ ਦੀ ਰੰਗਾਈ - ਛਪਾਈ ਦੇ ਮਾਹਿਰ ,ਪ੍ਰੋਫੈਸਰ ਸਹਿਬਾਨ ਅਤੇ ਉਦਯੋਗਪਤੀ ਬੁਲਾਏ ਗਏ ਸਨ। ਸਾਹਿਬ ਨੇ ਬੰਬਈ ਦੇਖਣਾ ਸੀ (ਉਨ੍ਹੀਂ ਦਿਨੀਂ ਬੰਬੇ ਦੇਖਣ ਦਾ ਝੱਲ ਚੜ੍ਹਿ ਆ ਹੁੰਦਾ ਸੀ) ...ਐਸਾ ਮੌਕਾ ਫਿਰ ਕਹਾਂ ਮਿਲੇਗਾ ---- ਨਾ ਹਿੰਗ ਲੱਗਣੀ ਸੀ ਨਾ ਫਟਕੜੀ। ਸਾਹਿਬ ਦਾ ਦੌਰਾ ਗੁਪਤ ਰੱਖਿਆ ਗਿਆ ...ਗੁਪਤ ਹੀ ਰੱਖਣਾ ਬਣਦਾ ਸੀ ਕਿਉਂਕਿ ਭਾਸ਼ਨ ਲਿਖਣ ਵਾਲਾ ਲਾਇਬ੍ਰੇਰੀਅਨ ਸੀ। ਉਹ ਇਸ ਗੱਲੋਂ ਫੁੱਲਿਆ ਪਿਆ ਸੀ ਕਿ ਉਸ ਦਾ ਲਿਖਿਆ ਭਾਸ਼ਣ ਆਲ ਇੰਡੀਆ ਸੈਮੀਨਾਰ ਵਿਚ ਪੜਿਆ ਜਾਵੇਗਾ। ਉਸ ਨੇ ਆਪਣੀ ਖੁਸ਼ੀ ਮੇਰੇ ਨਾਲ ਸਾਂਝੀ ਕਰ ਲਈ ਸੀ। ਮੈਨੂੰ ਇਸ ਦਾ ਅਫਸੋਸ ਸੀ ਕਿ ਵਿਸ਼ੇ ਤੋਂ ਅਣਜਾਣ ਵਿਅਕਤੀ ਕੌਮੀ ਪੱਧਰ ਦੇ ਸੈਮੀਨਾਰ ਵਿਚ ਹਿੱਸਾ ਲੈਣ ਜਾ ਰਿਹਾ ਸੀ,ਉਹ ਭੀ ਭਾਸ਼ਣ ਲਾਇਬ੍ਰੇਰੀਅਨ ਤੋਂ ਲਿਖਵਾ ਕੇ ਜਿਸ ਨੂੰ ਵਿਸ਼ੇ ਦਾ ਊੜਾ ਆੜਾ ਵੀ ਨਹੀਂ ਆਉਂਦਾ ਸੀ। ਮੈਂ ਆਪਣਾ ਦੁੱਖ ਆਪਣੇ ਮਿੱਤਰਾਂ ਨਾਲ ਸਾਂਝਾ ਕਰਨ ਵੇਲੇ ਕਹਿ ਬੈਠਿਆ ; ' ਟੈਕਸਟਾਈਲ ਕੈਮਿਸਟਰੀ ਦੇ ਪ੍ਰੋਫੈਸਰ ਸਾਹਿਬ ਨੂੰ ਸੈਮੀਨਾਰ ਤੇ ਜਾਣਾ ਚਾਹੀਦਾ ਸੀ ਤਾਂ ਕਿ ਇਸ ਦਾ ਫਾਇਦਾ ਇੰਸਟੀਚਿਊਟ ਅਤੇ ਵਿਦਿਆਰਥੀਆਂ ਨੂੰ ਹੁੰਦਾ ਨਾ ਕਿ ਪ੍ਰਿੰਸੀਪਲ ਨੂੰ ਨਿੱਜੀ ਲਾਭ ਹੁੰਦਾ। ਗੱਲ ਸਾਹਿਬ ਦੇ ਕੰਨਾਂ ਤੱਕ ਪਹੁੰਚਾ ਦਿੱਤੀ ਗਈ।

...ਚੁਗ਼ਲਖੋਰਾਂ ਨੇ ਆਪਣੇ ਕੰਮ ਵੀ ਤਾਂ ਕਰਵਾਉਣੇ ਸਨ। ਪ੍ਰਿੰਸੀਪਲ ਸਾਹਿਬ ਅਤੇ ਉਹਨਾਂ ਦੇ ਦਫਤਰ ਦਾ ਅਮਲਾ ਮੈਨੂੰ ਟੁੱਟ ਕੇ ਪੈ ਗਏ----- ਤੁਸੀਂ ਕੌਣ ਹੋ ਦਫਤਰ ਦੇ ਕੰਮ 'ਚ ਬੋਲਣ ਵਾਲੇ ---- ਚੁੱਪ ਰਹੋ। ਉਸ ਦਿਨ ਤੋਂ ਬਾਅਦ ਲੰਬੀ ਦੁਖਦਾਈ ਕਹਾਣੀ ਸ਼ੁਰੂ ਹੋ ਗਈ ਸੀ।

ਟਰੇਨਿੰਗ ਖਤਮ ਹੋ ਚੁੱਕੀ ਸੀ। ਤਾਇਨਾਤੀ ਲਈ ਰਸਮ ਪੂਰਤੀ ਕਰਨ ਦੀ ਕਵਾਇਦ ਡਾਇਰੈਕਟਰ ਸਾਹਿਬ ਦੇ ਘਰ ਚਾਹ ਤੇ ਪੂਰੀ ਹੋ ਰਹੀ ਸੀ। ਸਭ ਨੇ ਆਪਨੀ ਲੋੜ ਮੁਤਾਬਿਕ ਤਜਵੀਜ਼ਾਂ ਅਤੇ ਦਲੀਲਾਂ ਨਾਲ ਤਰਲੇ ਮਿਨਤਾਂ ਕੀਤੀਆਂ। ਜਿਨ੍ਹਾਂ ਦੀ ਪਹੁੰਚ ਸੀ ਉਨ੍ਹਾਂ ਦੀ ਚਾਪਲੂਸੀ ਹੋ ਰਹੀ ਸੀ ਅਤੇ ਸਾਡੇ ਵਰਗਿਆਂ ਦੀ ਝਾੜ ਝੰਬ ---- ਉਸ ਵਕਤ ਬੰਬੇ ਸ਼ਹਿਰ ਵਿਚ ਰਿਹਾਇਸ਼ੀ ਮਕਾਨਾਂ ਦੀ ਬਹੁਤ ਕਿੱਲਤ ਸੀ, ਕੋਈ ਉੱਥੇ ਜਾਣ ਲਈ ਰਾਜੀ ਨਹੀਂ ਸੀ । ਪੂਰੀ ਤਨਖਾਹ ਵਿਚ ਰਹਿਣ ਲਈ ਇੱਕ ਖੋਲੀ ਵੀ ਕਿਰਾਏ ਤੇ ਨਹੀਂ ਮਿਲ ਸਕਦੀ ਸੀ। ਜਦ ਮੈਂ ਡਾਇਰੈਕਟਰ ਸਾਹਿਬ ਨੂੰ ਬੱਚਿਆਂ ਦਾ ਵਾਸਤਾ ਪਾ ਰਿਹਾ ਸੀ ਕਿ ਮੈਨੂੰ ਬੰਬੇ ਨਾ ਭੇਜਿਆ ਜਾਵੇ ਤਾਂ ਡਾਇਰੈਕਟਰ ਸਾਹਿਬ ਦੀ ਸ਼?ਰੀਮਤੀ ਜੀ ਕੁੱਦ ਕੇ ਖਾਣ ਨੂੰ ਪਏ --- ' ਹੈਂ ! ਤੂੰ ਬੰਬਈ ਨੀਂ ਜਾਣਾ ਚਾਹੁੰਦਾ --- ਮੈਂ ਇਹਨੂੰ ਕਹੁੰਗੀ ਕਿ ਤੈਨੂੰ ਬੰਬੇ ਜਰੂਰ ਭੇਜੇ।' ਉਸ ਦੀ ਕੜਕਵੀਂ ਅਤੇ ਕੁਸੈਲੀ ਅਵਾਜ ਨੇ ਸਭ ਨੂੰ ਭੈ - ਭੀਤ ਕਰ ਦਿੱਤਾ ਸੀ।ਮੇਰੇ ਸਮੇਤ ਬਹੁਤਿਆਂ ਨੂੰ ਬੰਬੇ ਤਾਇਨਾਤ ਕਰ ਦਿੱਤਾ ਗਿਆ ,ਘਰ ਤੋਂ 2000 ਕਿਲੋਮੀਟਰ ਦੂਰ। ਗੁਪਤ ਚਿੱਠੀ ਦਾ ਇਕ ਮੱਦ ਅਮਲ 'ਚ ਆ ਰਿਹਾ ਸੀ। ਅਸੀਂ ਚਾਰ ਦਲਿਤ ਅਫਸਰਾਂ ਨੇ ਇਕ ਛੋਟੇ ਜਿਹੇ ਫਲੈਟ ਵਿਚ ਚਾਰ ਮਹੀਨੇ ਫਰਸ਼ ਤੇ ਸੌਂ ਕੇ ਕਿਵੇਂ ਕੱਢੇ , ਸਾਨੂੰ ਹੀ ਪਤਾ ਹੈ । ਜੇਕਰ ਸਾਨੂੰ ਸਾਡੇ ਘਰਾਂ ਦੇ ਨੇੜੇ ਤਾਇਨਾਤ ਕਰ ਦਿੱਤਾ ਜਾਂਦਾ ਤਾਂ ਸਾਡੇ ਪਰਿਵਾਰ ਆਰਥਿਕ,ਸਮਾਜਿਕ ਅਤੇ ਮਾਨਸਿਕ ਤੌਰ ਤੇ ਤਾਕਤਵਰ ਹੋ ਸਕਦੇ ਸਨ। ਸਾਡੀ ਕੋਈ ਸੁਣ ਨਹੀਂ ਰਿਹਾ ਸੀ --- ਬਸ ਚੁੱਪ ਰਹੋ ਤੇ ਸੇਵਾ ਕਰੋ ਦਾ ਉਪਦੇਸ਼ ਸੁਣਾਉਂਦੇ ਰਹੇ ਸਨ ।

ਭਾਰਤੀ ਰਾਜਸਵ ਸੇਵਾ (ਇੰਡੀਅਨ ਰੈਵੇਨਿਊ ਸਰਵਿਸ) ਵਿਚ ਕੰਮ ਕਰਨ ਦਾ ਅਰਥ,ਜੇਕਰ ਸੇਵਾ ਕਰਨੀ ਹੈ ,ਤਦ ਇੱਕੋ ਹੋ ਸਕਦਾ ਹੈ ਕਿ ਇਸ ਦੇ ਮੈਂਬਰ ਵਜੋਂ ਭਾਰਤੀ ਸੰਵਿਧਾਨ ਦੇ ਤਹਿਤ ਕੰਮ ਕਰਦੇ ਹੋਏ ਤੁਸੀਂ ਕਾਨੂੰਨ ਮੁਤਾਬਿਕ ਜਾਇਜ ਮਾਲੀਆ ਸਰਕਾਰ ਲਈ ਇੱਕਠਾ ਕਰੋ। ਇਹ ਤਦ ਹੀ ਸੰਭਵ ਹੈ ਜੇਕਰ ਤੁਸੀਂ ਕ?ਾਨੂਨ ਦੇ ਅੰਤਰੀਵ ਭਾਵ ਨੂੰ ਲਾਗੂ ਕਰੋਗੇ --- ਬਣਦਾ ਟੈਕਸ ਲਵੋਗੇ ਅਤੇ ਵਾਧੂ ਦਾ ਕਰ - ਦਾਤਾ ਨੂੰ ਵਾਪਿਸ ਕਰੋਗੇ। ਸਰਵਿਸ ਦੇ ਪਹਿਲੇ ਮਹੀਨੇ ਦੌਰਾਨ ਹੀ ਇਕ ਮਾਮਲੇ ਵਿਚ ਕਾਨੂੰਨ ਦੀ 'ਅੰਤਰੀਵ ਭਾਵਨਾ' ਲਾਗੂ ਕਰ ਬੈਠਿਆ। ਸਾਰਾ ਮਹਿਕਮਾ ਕਹੇ--ਇਹ ਤਾਂ ਗਿਆ। ਵੱਡੇ ਸਾਹਿਬ ਨੇ ਮੇਰੇ ਬਾਸ ਨੂੰ ਮੇਰੇ ਸਾਹਮਣੇ ਕੁਝ ਇਸ ਤਰਾਂ ਕਿਹਾ ;' ਇਹਨੂੰ ਕੁਝ ਸਮਝਾਓ' ! ਇਹਨੇ ਤਾਂ ਕਰ ਦਾਤਾ ਨੂੰ ਇਮਾਨਦਾਰੀ ਦਾ ਸਰਟੀਫਿਕੇਟ ਵੀ ਦੇ ਦਿੱਤਾ ਹੈ।'ਸੋਚ ਰਿਹਾ ਸੀ ਕਿਸੇ ਕਰਦਾਤਾ ਨੂੰ ਇਮਾਨਦਾਰ ਕਹਿਣਾ ਕੋਈ ਗੁਨਾਹ ਤਾਂ ਨਹੀਂ ਸੀ ਅਤੇ ਮੈਨੂੰ ਕੀ ਸਮਝਣ ਦੀ ਲੋੜ ਸੀ। ਸਮਝਣਾ ਇਹੀ ਸੀ ਕਿ ---- ਜਿਹੋ ਜਿਹਾ ਘਾਲਾ ਮਾਲਾ ਚੱਲ ਰਿਹੈ ,ਤੂੰ ਵੀ ਉਮੇਂ ਜਿਵੇਂ ਕਰੀਂ ਜਾਇਆ ਕਰ। ਮੈਂ ਡਰਿਆ ਜਰੂਰ ਪਰ ਆਪਣੇ ਅਹਿਦ ਤੇ ਦ੍ਰਿੜ੍ਹ ਰਿਹਾ।

ਕੁਝ ਦਿਨਾਂ ਬਾਅਦ ਫਿਰ ਅਜਿਹੀ ਸਥਿਤੀ ਆ ਗਈ। ਇਕ ਘਰ ਦੀ ਤਲਾਸ਼ੀ ਮੁਹਿੰਮ ਦਾ ਇੰਚਾਰਜ ਸਾਂ । ਉਨ੍ਹਾਂ ਕੋਲ ਦਸਤਾਵੇਜ਼ੀ ਸਬੂਤ ਸਨ ਕਿ ਘਰ ਵਿਚ ਮੌਜੂਦ ਗਹਿਣੇ ਦੋ ਦਿਨ ਪਹਿਲਾਂ ਹੀ ਵਿਭਾਗ ਨੇ ਵਾਪਸ ਕੀਤੇ ਸਨ। 'ਉੱਪਰੋਂ ਹੁਕਮ'---ਸਭ ਚੁੱਕ ਲਿਆਓ----ਅਖੇ ਸਾਰੇ ਇਨਾਮ (Reward) ਦੇ ਹੱਕਦਾਰ ਹੋ ਜਾਵਾਂਗੇ। ਮੈਂ ਨਾਂਹ ਕਰ ਦਿੱਤੀ। ਬਹੁਤਾ ਤੀਖਦੇਂ ,ਨੌਕਰੀ ਤੋਂ ਛੁੱਟੀ ਕਰਵਾ ਦਿਆਂਗੇ ---- ਜੋ ਅਸੀਂ ਕਹਿੰਦੇ ਹਾਂ ਕਰੋ, ਸੁਣਨਾ ਪਿਆ। ਆਪਣੇ ਆਪ ਨੂੰ ਕਿਹਾ ਕਰ ਲੈ ਸੇਵਾ----ਉਹ ਚਾਹੁੰਦੇ ਹਨ----ਚੁੱਪ ਰਹਿ------ਸੇਵਾ ਕਰ ਸਾਡੀ। ਉਹ ਅਣਜਾਣ ਸਨ ਕਿ ਇਹ ਤੀਖ